# 2017 ਸਾਲਾਨਾ ਰਿਪੋਰਟ



ਦ੍ਰਿਸ਼ਟੀ ਅਤੇ ਮਨੋਰਥੀ ਬਿਆਨ-2 | ਚੀਫ਼ ਵਲੋਂ ਸੰਦੇਸ਼- 3 | ਸਲਾਨਾ ਲੇਖਾ ਜੋਖਾ- 6,7 | ਭਾਈਵਾਲ਼ਤਾ- 8

## ਐਬਟਸਫੋਰਡ ਪੁਲਿਸ ਵਿਭਾਗ

# ਦ੍ਰਿਸ਼ਟੀ

**ਗੌਰਵ ਨਾਲ ਬਚਾਉ ਕਰਨਾ**
**ਪੁਲਸੀ ਕਮਾਲ ਰਾਹੀਂ ਕਮਿਉਨਿਟੀ ਦੀ ਸੇਵਾ ਕਰਨੀ**

# ਮਨੋਰਥੀ ਬਿਆਨ

**ਬੀ ਸੀ ਵਿਚ ਐਬਟਸਫੋਰਡ ਨੂੰ ਸਭ ਤੋਂ ਵੱਧ ਸੁਰੱਖਿਅਤ ਬਨਾਉਣਾ**

# ਕਦਰਾਂ-ਕੀਮਤਾਂ

- ਇਮਾਨਦਾਰੀ
- ਆਨ-ਸ਼ਾਨ
- ਹੌਂਸਲਾ
- ਸੇਵਾ

# ਟੀਚੇ

- ਗੈਂਗ ਹਿੰਸਾ ਨੂੰ ਦਬਾਉਣਾ
- ਸੜਕੀ ਸੁਰੱਖਿਆ ਵਧਾਉਣਾ
- ਪ੍ਰਾਪਰਟੀ ਅਪਰਾਧ ਘਟਾਉਣਾ






**ਹੈਨਰੀ ਬਰਾਨ,** ਐਬਟਸਫੋਰਡ ਦੇ ਮੇਅਰ



ਜਿਓਨ ਡੈਂਡੂਆਰਨਡ


ਕ੍ਰਿਸ ਡੈਮੀਨੈਟੋ


ਅਮਨ ਗਿੱਲ


ਬਾਰਬ ਸ਼ਿਮਨੋਵਸਕੀ


ਮਾਰਕ ਵਾਰਕਿਨਟਿਨ


ਮਾਈਕ ਵੈਲਿਟ

## ਬੋਰਡ ਵਲੋਂ ਸੁਨੇਹੇਂ

ਐਬਟਸਫੋਰਡ ਪੁਲਿਸ ਬੋਰਡ ਵੱਲੋਂ 2017 ਦੀ ਸਾਲਾਨਾ ਰਿਪੋਰਟ ਕਮਿਉਨਿਟੀ ਨੂੰ ਪੇਸ਼ ਕਰਦਿਆਂ ਖੁਸ਼ੀ ਅਨੁਭਵ ਕਰ ਰਿਹਾ ਹਾਂ। ਇਸ ਰਿਪੋਰਟ ਵਿਚ ਐਬਟਸਫੋਰਡ ਪੁਲਿਸ ਵੱਲੋਂ ਐਬਟਸਫੋਰਡ ਨੂੰ ਬੀਸੀ ਵਿਚ ਸਭ ਤੋਂ ਵੱਧ ਸੁਰੱਖਿਅਤ ਸ਼ਹਿਰ ਬਨਾਉਣ ਲਈ ਕੀਤੇ ਕੰਮਾ ਨੂੰ ਉਜਾਗਰ ਕੀਤਾ ਗਿਆ ਹੈ।

ਜਦੋਂ ਅਸੀਂ 2017 ‘ਤੇ ਝਾਤੀ ਮਾਰਦੇ ਹਾਂ ਤਾਂ ਕਮਿਉਨਿਟੀ ਵਿਚ ਬਹੁਤਿਆਂ ਨੂੰ ਕਾਂਸਟੇਬਲ ਜੌਨ ਡੇਵਿਡਸਨ ਦਾ ਦਖਾਂਤਕ ਕਸਾਰਾ ਵਧੇਰੇ ਮਹਿਸੂਸ ਹੋਵੇਗਾ। ਕਾਂਸਟੇਬਲ ਡੇਵਿਡਸਨ ਦੀ ਕੁਰਬਾਨੀ ਸਾਡੀ ਪੁਲਿਸ ਦੀ ਵਚਨਬੱਧਤਾ ਯਾਦ ਕਰਾਵੇਗੀ ਜਿਹੜੀ ਉਹ ਸਾਡੀ ਜਾਨ ਨੂੰ ਬਚਾਉਣ ਖਾਤਰ ਹਰ ਰੋਜ਼ ਕਰਦੀ ਹੈ।

ਕਮਿਉਨਿਟੀ ਦੀ ਪੁਲਿਸ ਪ੍ਰਤੀ ਸਹਾਇਤਾ ਪੁਲਿਸ ਲਈ ਸਾਡੇ ਮਾਨ ਦੀ ਤਰਜ਼ਮਾਨੀ ਕਰਦੀ ਹੈ। 2018 ਵਿਚ ਐਬਟਸਫੋਰਡ ਪੁਲਿਸ ਵਿਭਾਗ ਗੈਂਗ ਖਾਤਮਾ ਸੜਕੀ ਸੁਰੱਖਿਆ ਵਧਾਉਣ ਅਤੇ ਪ੍ਰਾਪਰਟੀ ਅਪਰਾਧ ਘਟਾਉਣ ਲਈ ਯਤਨਸ਼ੀਲ ਹੈ। ਸਾਡੇ ਅਫਸਰਾਂ ਦਾ ਕਮਿਉਨਿਟੀ ਨਾਲ਼ ਗੂਹੜਾ ਸਬੰਧ ਹੈ ਅਤੇ ਮੈਂ ਗਾਰੰਟੀ ਕਰਦਾ ਹਾਂ ਕਿ ਉਹ ਸਕੂਲਾਂ ਅਤੇ ਕਮਿਉਨਿਟੀ ਨਾਲ ਮੇਲ ਜੋਲ ਵਧਾ ਕੇ,ਐਬਟਸਫੋਰਡ ਪੁਲਿਸ ਸਿਟੀ ਬਾਸਕਿਟਬਾਲ ਟੂਰਨਾਮੈਂਟ ਸਪੈਸ਼ਲ ਓਲਿੰਪਕਸ ਲਈ ਲਾਅ ਐਨਫੋਰਸਮੈਂਟ ਮਿਸ਼ਾਲ ਅਤੇ ਕੌਪਸ ਫਾਰ ਕੈਂਸਰ ਸਰਗਰਮੀਆਂ ਰਾਹੀਂ ਕਮਿਉਨਿਟੀ ਸਬੰਧੀ ਕਾਇਮ ਕਰਦੇ ਨਜ਼ਰ ਆਉਣਗੇ।

ਇਸ ਸਾਲ ਮੁਖ ਕਾਂਸਟੇਬ ਲ ਬੌਬ ਰਿਚ ਦੇ ਰਿਟਾਇਰ ਹੋਣ ਅਤੇ ਡਿਪਟੀ ਮੁਖੀ ਮਾਈਕ ਸਰ ਨੂੰ ਬੈਟਨ ਮਿਲਣ ‘ਤੇ ਵੱਡਾ ਬਦਲਾਅ ਆਵੇਗਾ। ਅਸੀਂ ਬੌਬ ਰਿਚ ਦੀ ਦਸ ਸਾਲ ਦੀ ਸੇਵਾ ਅਤੇ ਉਸਦੀ ਕਮਿਉਨਿਟੀ ਪ੍ਰਤੀ ਭਾਵਨਾ ਅਤੇ ਜੋਸ਼ ਸਮੁੱਚੀ ਲੀਡਰਸ਼ਿੱਪ ਲਈ ਧੰਨਵਾਦੀ ਹਾਂ।

ਪੁਲਿਸ ਬੋਰਡ ਵਜੋਂ ਨਵੇਂ ਮੁਖੀ ਅਤੇ ਸਮਰਪਿਤ ਪੁਲਿਸ ਬਲ ਅਤੇ ਸਿਵਲੀਅਨ ਸਟਾਫ ਨਾਲ ਕੰਮ ਕਰਨ ਲਈ ਤਾਂਘ ਰਹੇ ਹਾਂ। ਅਸੀਂ ਉਨ੍ਹਾਂ ਵਲੋਂ ਈਮਾਨਦਾਰੀ, ਮਾਨ, ਹੌਸਲੇ ਅਤੇ ਸੇਵਾ ਭਾਵਨਾ ਨਾਲ ਸਿਟੀ ਨੂੰ ਸੁਰੱਖਿਅਤ ਬਣਾਉਣ ਲਈ ਕੀਤੇ ਕੰਮਾਂ ਲਈ ਧੰਨਵਾਦੀ ਹਾਂ। ਐਬਟਸਫੋਰਡ ਨੂੰ ਰਹਿਣ ਲਈ, ਕੰਮਾਂ ਕਾਰਾਂ ਲਈ, ਖੇਡਣ ਅਤੇ ਵਿਦਿਅਕ ਥਾਵਾਂ ਲਈ ਸੇਫ ਰੱਖਣਾ ਸਾਡਾ ਨਿਸ਼ਾਨਾ ਹੈ।

## ਚੀਫ਼ ਵਲੋਂ ਸੁਨੇਹਾ

ਜਦੋਂ ਮੈਂ ਸਾਲਾਨਾ ਰਿਪੋਰਟ ਤਿਆਰ ਕਰਨ ਲਈ ਬੈਠਦਾ ਹਾਂ ਮੈਂ ਪਿਛਲੇ ਦਸ ਸਾਲਾਂ ‘ਤੇ ਝਾਤੀ ਮਾਰਨੋਂ ਨਹੀਂ ਰਹਿ ਸਕਦਾ ਜਦੋਂ ਇਸ ਖਾਸ ਕਮਿਉਨਿਟੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਕਦੀ ਕਦੀ ਦੂਸਰੇ ਸ਼ਹਿਰਾਂ ਦੇ ਹਮਰੁਤਬਾ ਅਫਸਰਾਂ ਤੋਂ ਸੁਣਦਾ ਹਾਂ ਕਿ ਉਨ੍ਹਾਂ ਨੂੰ ਕਮਿਉਨਿਟੀ ਤੋਂ ਸਹਾਇਤਾ ਨਹੀਂ ਮਿਲੀ। ਐਬਟਸਫੋਰਡ ਲਈ ਮੇਰਾ ਤਜ਼ਰਬਾ ਅਜਿਹਾ ਨਹੀਂ। ਇਹ ਕਮਿਉਨਿਟੀ ਆਪਣੇ ਪੁਲਿਸ ਵਿਭਾਗ ਅਤੇ ਸਾਰੀਆਂ ਏਜੈਂਸੀਆਂ ਦੀ ਸਹਾਇਤਾ ਕਰਦੀ ਹੈ ਜਿਹੜੀਆਂ ਇਸ ਥਾਂ ਨੂੰ ਚੰਗੇਰਾ ਬਨਾਉਣ ਲਈ ਕੰਮ ਕਰਦੀਆਂ ਹਨ। ਮੈਂ ਲਗਾਤਾਰ ਲੋਕਾਂ ਨੂੰ ਸਹਾਇਤਾ ਕਰਦਿਆਂ ਵੇਖਦਾ ਹਾਂ। ਇਹ ਲੋਕ ਕੇਵਲ ਟੀਕਾ-ਟਿੱਪਣੀ ਨਹੀਂ ਕਰਦੇ। ਕੇਵਲ ਮਿਲ ਕੇ ਕੰਮ ਕਰਨ ਨਾਲ ਹੀ ਅਸੀਂ ਇਸ ਥਾਂ ਨੂੰ ਰਹਿਣ ਲਈ ਵਧੀਆ ਬਣਾ ਸਕਦੇ ਹਾਂ ਜਿੱਥੇ ਅਸੀਂ ਆਪਣੇ ਬੱਚਿਆਂ ਦੀ ਪਾਲਣਾ ਕਰਨੀ ਹੈ

1 ਅਕਤੂਬਰ ਨੂੰ ਮੈਂ ਆਪਣੇ ਅਗਲੇ ਮੁਖੀ ਮਾਈਕਸਰ ਨੂੰ ਕਮਾਨ ਸੰਭਾਲ ਦੇਣੀ ਹੈ। ਮੈਂ ਵਾਅਦਾ ਕਰਦਾ ਹਾਂ ਕਿ ਤੁਹਾਡੀ ਸੰਭਾਲ ਵਧੀਆ ਹੱਥਾਂ ਵਿਚ ਹੋਵੇਗੀ। ਐਬਟਸਫੋਰਡ ਤੇਜ਼ੀ ਨਾਲ ਵਧ-ਫੁੱਲ ਰਿਹਾ ਹੈ ਅਤੇ ਇਸਦੇ ਨਾਲ ਹੀ ਕਠਨਂ ਸਮੱਸਿਆਵਾਂ ਪੈਦਾ ਹੋਣਗੀਆਂ। ਲੋਕਾਂ ਨੂੰ ਸੁਰੱਖਿਅਤ ਰੱਖਣ ਪੱਖੋਂ ਪਿਛਲਾ ਸਾਲ ਚੰਗਾ ਸਾਲ ਨਹੀਂ ਰਿਹਾ। ਨੌਂ ਲੋਕ ਕਤਲ ਹੋਏ; 11ਕਾਰ ਦੁਰਘਟਨਾਵਾਂ ਵਿਚ ਮਰੇ; ਅਤੇ 50 ਓਵਰਡੋਜ਼ ਦੀ ਭੇਟਾ ਚੜ੍ਹ ਗਏ। ਜ਼ਰਾ ਸੋਚੋ, ਇੰਨ੍ਹਾਂ70 ਲੋਕਾਂ ਨੂੰ ਗੁਆ ਬੈਠੇ ਲੋਕਾਂ ਦਾ ਕੀ ਹਾਲ ਹੋਵੇਗਾ। ਸਾਡੇ ਵਿਚੋਂ ਕੋਈ ਵੀ ਇਨ੍ਹਾਂ 2017 ਦੇ ਹਾਲਾਤ ਤੋਂ ਖੁਸ਼ ਨਹੀਂ। ਅਸੀਂ ਤੁਹਾਡੇ ਨਾਲ ਮਿਲ ਕੇ ਇਸ ਕਹਾਣੀ ਨੂੰ ਬਦਲਣਾ ਲੋਚਦੇ ਹਾਂ ਆਓ ਇਕੱਠੇ ਹੋ ਕੇ ਐਬਟਸਫੋਰਡ ਨੂੰ ਅਜਿਹੀ ਥਾਂ ਬਣਾਈਏ ਜਿੱਥੇ ਲੋਕਾਂ ਨੂੰ ਅਜਿਹੇ ਦੁਖਾਂਤਾਂ ਦਾ ਸਾਹਮਣਾ ਨਾ ਕਰਨਾ ਪਵੇ।

ਮੈਂ ਮੰਨਦਾ ਹਾਂ ਅਤੇ ਯਾਦ ਕਰਦਾ ਹਾਂ ਕਿ 6 ਨਵੰਬਰ ਕਾਂਸਟੇਬਲ ਜੌਨ ਡੇਵਿਡਸਨ ਨੇ ਆਪਣੇ ਸ਼ਹਿਰ ਦੇ ਸੂਟਰ ਦਾ ਜਵਾਬ ਦੇਣ ਵਿਚ ਪਹਿਲ ਕਰਕੇ ਕੁਰਬਾਨੀ ਕੀਤੀ। ਉਸ ਨੇ ਜਾਣਦਿਆਂ ਬੁਝਦਿਆਂ ਕਮਿਊਨਿਟੀ ਦੀ ਖਾਤਰ ਆਪ ਨੂੰ ਖਤਰੇ ਵਿਚ ਪਾਇਆ। ਅਸੀਂ ਇਹ ਵੀ ਯਾਦ ਰੱਖਾਂਗੇ ਕਿ ਕਮਿਉਨਿਟੀ ਨੇ ਕਿਵੇਂ ਸਾਡਾ ਸਾਥ ਦਿੱਤਾ ਅਤੇ ਭੈੜੇ ਸਮੇਂ ਵਿਚੋਂ ਲੰਘਣ ਵਿਚ ਸਹਾਇਕ ਹੋਈ।

ਅਸੀਂ ਸਦਾ ਅਹਿਸਾਨ ਮੰਦੀ ਨਾਲ ਯਾਦ ਰੱਖਾਂਗੇ ਕਿ ਕਮਿਉਨਿਟੀ ਨੇ ਕਿਵੇਂ ਸਾਡੇ ਸਾਥੀ ਦੇ ਜਾਣ ਮਗਰੋਂ ਸਾਡਾ ਸਾਥ ਦਿੱਤਾ। ਮੈਂ ਐਬਟਸਫੋਰਡ ਦੇ ਲੋਕਾਂ ਨੂੰ ਜ਼ੋਰ ਨਾਲ ਕਹਾਂਗਾ ਕਿ ਮਿਲ ਕੇ ਕੰਮ ਕਰਦੇ ਰਹੋ; ਇਕ ਦੂਜੇ ਦਾ ਆਦਰ ਕਰੋ; ਇਕ ਦੂਜੇ ਦੀ ਸਹਾਇਤਾ ਕਰੋ; ਇਹ ਨਾ ਸੋਚੋ ਕਿ ਕੋਈ ਕਿੱਥੋਂ ਆਇਆ ਹੈ।

ਝਗੜੇ ਝਾਂਝੇ ਅਤੇ ਵੰਡੀਆਂ ਵਾਲੀ ਦੁਨੀਆਂ ਨੂੰ ਸੁਰੱਖਿਅਤ ਅਤੇ ਰਹਿਣਯੋਗ ਦੁਨੀਆਂ ਬਣਾਈਏ।




**ਚੀਫ਼ ਬੌਬ ਰਿਚ**

— Deputy Chief Constables —


**ਪੌਲਿਟ ਫਰੈਇਲ**
ਐਮਿਨਸਟਰੇਸ਼ਨ ਡਿਵੀਜ਼ਨ


**ਮਾਈਕ ਸਰ**
ਓਪਰੇਸ਼ਨ ਡਿਵੀਜ਼ਨ

## ਐਡਮਿਨਿਸਟਰੇਸ਼ਨ ਟੀਮ


**ਜੈਸਨ ਬਰੌਸ**
ਓਪਰੇਸ਼ਨਸ ਕੰਟਰੋਲ ਬ੍ਰਾਂਚ


**ਟੌਮ ਚੈਸਲੇ**
ਇੰਸਪੈਕਟਰ ਓਪਰੇਸ਼ਨਸ ਸਪੋਰਟ ਬ੍ਰਾਂਚ


**ਬਰਿਟ ਕਰੌਸਬੀ ਜੋਨਸ**
ਇੰਸਪੈਕਟਰ ਓਪਰੇਸ਼ਨਸ ਸਪੋਰਟ ਬ੍ਰਾਂਚ


**ਪੈਰਰੀਸਿਆ ਲੋ**
ਡਾਇਰੈਕਟਰ ਹਿਉਮਨ ਰੀਸੋਰਸਿਜ਼


**ਰੈਂਡੀ ਮਿਲਾਰਡ**
ਫਾਇਨਾਂਸ ਡਾਇਰੈਕਟਰ


**ਵਿਆਨ ਪਲੈਮੋਨਡੋਨ**
ਡਾਇਰੈਕਟਰ ਸਪੋਰਟ ਸਰਵਿਸਿਜ਼


**ਕੋਲਿਨ ਥੋਮਸਨ**
ਇੰਨਸਪੈਕਟਰ ਪੈਟਰੋਲ ਬ੍ਰਾਂਚ

# ਪ੍ਰੋਗਰਾਮ ਅਤੇ ਸੇਵਾਵਾਂ

ਐਬਟਸਫੋਰਡ ਪੁਲਿਸ ਵਿਭਾਗ ਦੇ ਮਰਦ ਅਤੇ ਔਰਤਾਂ ਆਪਣੀ ਕਮਿਉਨਿਟੀ ਨੂੰ ਸੁਰੱਖਿਅਤ ਬਨਾਉਣ ਲਈ ਵਚਨਬੱਧ ਹਨ । ਅਸੀਂ ਐਬਟਸਫੋਰਡ ਨੂੰ ਕਈ ਤਰਾਂ ਦੀਆਂ ਸੇਵਾਵਾਂ ਉਪਲਬਧ ਕਰਾਉਣ ਦੇ ਯੋਗ ਹੋਣ ਵਿਚ ਮਾਨ ਅਨੁਭਵ ਕਰਦੇ ਹਾਂ।

- ਪ੍ਰੋਐਕਟਿਵ ਅਤੇ ਰੀਐਕਟਿਵ ਪਲੀਸਿੰਗ ਇਨਵੈਸਟੀਗੇਸ਼ਨ
- ਹੈਲੀਕੌਪਟਰ ਸਹਾਇਕ ਯੂਨਿਟ
- ਬਾਈਕ ਯੂਨਿਟ
- ਸਾਹ ਰਾਹੀਂ ਨਸ਼ੇ ਦੀ ਹੋਂਦ ਟੈਸਟ ਕਰਨੀ
- ਵਹੀਕਲ ਟੱਕਰ ਦਾ ਨਿਪਟਾਰਾ
- ਸਾਰੀਆਂ ਫੋਰਸਾਂ ਦੇ ਇੱਕਜੁੱਟ ਉਪਰਾਲੇ
- ਕਮੁਨਿਟੀ ਦੇ ਸਹਾਇਕ ਵਲੰਟੀਅਰ
- ਕਰਾਈਮ ਘਟਾਊ ਯੂਨਿਟ
- ਕਰਾਈਮ ਰੋਕ-ਥਾਮ
- ਕਰਾਈਮ ਪੜਤਾਲੀਆਂ ਯੂਨਿਟ
- ਕਰਾਈਮ ਤੋਂ ਬਚਾਓ
- ਮਸਲਿਆਂ ਦੇ ਹੱਲ ਸਲਾਹਕਾਰ
- ਗੰਭੀਰ ਹਾਦਸਿਆਂ ਦੀ ਦਬਾਅ ਪ੍ਰਬੰਧਕੀ ਟੀਮ
- ਮੌਕੇ ਦੇ ਗਵਾਹਾਂ ਦੇ ਵਿਚਾਰ ਅਤੇ ਸਹੀ ਫੈਂਸਲੇ
- ਪਰਾਈਵੇਸੀ ਦੇ ਭੇਦ ਖ਼ੋਲ੍ਹਣੇ
- ਘਰੇਲੂ ਵਾਇਲੈਂਟ ਯੂਨਿੱਟ
- ਨਸ਼ਾ ਰੋਕੂ ਯੂਨਿਟ
- ਐਮਰਜੰਸੀ ਹੱਲ ਕਰਨ ਵਾਲ਼ੀ ਟੀਮ
- ਕਾਨੂੰਨੀ ਮਾਹਿਰ
- ਕਾਨੂੰਨੀ ਪਹਿਚਾਣ ਸੈਕਸ਼ਨ
- ਫਰੇਜ਼ਰ ਵੈਲੀ ਟੈਕਟੀਕਲ ਸਾਂਝਾ ਯੂਨਿਟ
- ਗੈਂਗਜ਼ ਦਾ ਸਖਤੀ ਨਾਲ਼ ਖਾਤਮੇ ਵਾਲ਼ਾ ਯੂਨਿਟ
- ਆਮ ਪੜਤਾਲੀਆਂ ਯੂਨਿਟ
- ਹਿਊਮਨ ਰੀਸੋਰਸਿਜ਼ ਸ਼ਾਖਾ
- ਇਨਫਰਮੇਸ਼ਨ ਤਕਨਾਲੌਜੀ
- ਸਾਂਝੀ ਹੋਮੀਸਾਈਡ ਪੜਤਾਲੀਆ ਟੀਮ (ਡ੍ਰਿਠ)
- ਇੰਟਰਨੈੱਟ ਚਾਈਲਡ ਐਕਸਪਲੋਏਟੇਸ਼ਨ ਯੂਨਿਟ
- ਇਨਸੀਡੈਂਟ ਕੁਮਾਂਡ
- ਇਨਟੈਲੀਜਿੰਸ ਯੂਨਿਟ
- ਲੋਅਰ ਮੇਨਲੈਂਡ ਇੰਟਿਗਰੇਟਿਡ ਪੋਲੀਸ ਡੌਗ ਸੇਵਾਵਾਂ
- ਮੇਜਰ ਕਰਾਈਮ ਯੂਨਿਟ
- ਮੀਡੀਆ ਰੀਲੇਸ਼ਨਸ
- ਮੈਂਟਲ ਹੈਲਥ ਸਹਿਯੋਗ
- ਓਪਰੇਸ਼ਨਲ ਸਪੋਰਟ ਆਫੀਸਰ ਪ੍ਰੋਗਰਾਮ
- ਪ੍ਰੋਫੈਸ਼ਨਲ ਸਟੈਂਡਰਡਜ਼ ਸੈਕਸ਼ਨ
- ਰੀਕਰੂਟਿੰਗ ਅਤੇ ਸਟਾਫ ਡਵੈਲਪਮੈਂਟ
- ਰੀਜ਼ਰਵ ਕੌਂਸਟੇਬਲ ਪ੍ਰੋਗਰਾਮ
- ਸਪੈਸ਼ਲ ਈਵੈਂਟ ਅਤੇ ਐਮਰਜੰਸੀ ਯੋਜਨਾ ਘਾੜੇ
- ਟੈਕਟੀਕਲ ਐਮਰਜੰਸੀ ਵਸੀਲੇ
- ਟਰੈਫਿਕ ਸੁਧਾਰ ਯੂਨਿਟ
- ਅਨਮੈਨਡ ਏਰੀਅਲ ਸਿਸਟਿਮ
- ਯੂਥ ਆਫੀਸਰ ਸੈਕਸ਼ਨ
- ਵਿਕਟਮ ਸਹਾਇਕ ਯੂਨਿਟ



**ਐਬਟਸਫੋਰਡ ਪੁਲਿਸ ਵਿਭਾਗ ਦੀਆਂ ਵਿਸ਼ੇਸ਼ ਇਕਾਈਆਂ ਵਿਚੋਂ ਦੋ 'ਤੇ ਗਹਿਰੀ ਝਾਤ**

## ਇੰਟਰਨੈਟ ਚਾਈਲਡ ਐਕਸਪਲੌਇਟੇਸ਼ਨ (ICE) ਯੂਨਿਟ

2017 ਵਿਚ ਐਬਟਸਫੋਰਡ ਪੁਲਿਸ ਵਿਭਾਗ ਵਿਚ ਇੰਟਰਨੈਟ 'ਤੇ ਬੱਚਿਆਂ ਦੀ ਹੋ ਰਹੀ ਦੁਰਵਰਤੋਂ ਬਾਰੇ ਇਕ ਇਕਾਈ ਸਥਾਪਿਤ ਹੋਈ। ਇਸ ਦੀ ਪਹਿਲੀ ਜ਼ਿੰਮੇਵਾਰੀ ਬੱਚਿਆਂ ਦੀ ਆਨਲਾਈਨ ਹੋ ਰਹੀ ਕਾਮੁਕ ਦੁਰਵਰਤੋਂ ਅਤੇ ਇੰਟਰਨੈਟ 'ਤੇ ਬੱਚਿਆਂ ਨੂੰ ਵਰਗਲਾਉਣ ਦੀ ਜਾਂਚ ਕਰਨਾ ਹੈ।

ਇਸ ਸਮੇਂ ਇਸ ਇਕਾਈ ਦੀਆਂ ਦੋ ਸੂਹੀਆ ਹਾਲਤਾਂ ਹਨ ਅਤੇ ਜਾਂਚ ਕਰਤਾ ਬੱਚਿਆਂ ਨੂੰ ਬਚਾਉਣ ਲਈ ਪ੍ਰੋਐਕਟਿਵ ਪਹੁੰਚ ਅਪਨਾਉਂਦੇ ਹਨ ਅਤੇ ਕਈ ਕੌਮੀ ਅਤੇ ਅੰਤਰਰਾਸ਼ਟਰੀ ਇਕਾਈਆਂ ਨਾਲ ਮਿਲਕੇ ਕੰਮ ਕਰਦੇ ਹਨ। ਬਹੁਤ ਸਾਰੇ ਕੇਸਾਂ ਵਿਚ ਐਬਟਸਫੋਰਡ ਪੁਲਿਸ ਵਿਭਾਗ ਨੂੰ ਅਮਰੀਕਾ ਦੀਆਂ ਬਿਜਲਈ ਸੇਵਾ ਪ੍ਰਦਾਨ ਕਰਦੀਆਂ ਏਜੈਂਸੀਆਂ ਤੋਂ ਔਨਲਾਈਨ ਚਾਈਲਡ ਐਕਸਪਲੌਇਟੇਸ਼ਨ ਦੀ ਜਾਣਕਾਰੀ ਮਿਲ ਜਾਂਦੀ ਹੈ ਜਿਹੜੀਆਂ ਪ੍ਰਾਪਤ ਹੋਈ ਜਾਣਕਾਰੀ ਕੈਨੇਡੀਅਨ ਅਧਿਕਾਰੀਆਂ ਨੂੰ ਪਹੁੰਚਾਅ ਦਿੰਦੀਆਂ ਹਨ।

ਐਬਟਸਫੋਰਡ ਪੁਲਿਸ ਦੀ ਇਸ ਸੂਹੀਆ ਇਕਾਈ ਨੇ ਯੂਰਪ ਅਤੇ ਬੀ ਸੀ ਵਿਚ ਬੱਚਿਆਂ ਨਾਲ ਇਹ ਵਿਹਾਰ ਕਰਨ ਵਾਲਿਆਂ ਤੋਂ ਕਈ ਬੱਚਿਆਂ ਨੂੰ ਬਚਾਇਆ ਹੈ} ਇਹ ਸੂਹੀਏ ਅਧਭੁਤ ਹੁਨਰ ਨਾਲ ਲੈਸ ਹਨ ਅਤੇ ਚੰਗੀ ਤਰਾਂ ਸ਼ਿਖਿਅਤ ਹਨ ਪਰ ਇਹ ਹੁਨਰ ਐਬਟਸਫੋਰਡ ਪੁਲਿਸ ਵਿਭਾਗ ਦੇ ਬਹੁਤ ਸਾਰੇ ਅਫਸਰਾਂ ਕੋਲ ਨਹੀਂ ਹੈ।

ਅੱਜ ਤੱਕ ਆਈ ਸੀ ਈ ਸੂਹਿਆਂ ਵੱਲੋਂ ਕੀਤੀਆਂ ਜਾਂਚਾਂ ਦੇ ਨਤੀਜੇ ਵਜੋਂ ਕੈਨੇਡਾ ਭਰ ਵਿਚ ਬੀ ਸੀ ਵਿਚ ਅਤੇ ਯੂਰਪ ਵਿਚ ਗ੍ਰਿਫਤਾਰੀਆਂ ਹੋਈਆਂ ਹਨ । 2018 ਵਿਚ ਐਬਟਸਫੋਰਡ ਪੁਲਿਸ ਵਿਭਾਗ ਨੇ ਵਿਨੀਪੈਗ ਵਿਚ ਅਧਾਰਿਤ ਕਨੇਡੀਅਨ ਸੈਂਟਰ ਫਾਰ ਚਾਈਲਡ ਪਰੋਟੈਕਸ਼ਨ ਸ: 34 ਸਾਂਝ ਭਿਆਲੀ ਕੀਤੀ। ਸੀ3ਪੀ ਅੰਤਰਰਾਸ਼ਟਰੀ ਐਨਫੋਰਸਮੈਂਟ ਏਜੈਂਸੀਆਂ ਦੀ ਸਹਾਇਤਾ ਕਰਨ ਦੀ ਜ਼ਿਮੇਵਾਰ ਹੈ ਪਰ ਕੈਨੇਡਾ ਵਿਚ ਇਹ www.cybertip.ca ਚਲਾਉਂਦੇ ਹਨ ਜੋ ਆਨਲਾਈਨ ਦੁਰਵਰਤੋਂ ਦੀ ਰਿਪੋਰਟ ਦੇ ਕੇ ਕੈਨੇਡੀਅਨਾਂ ਦੀ ਸਹਾਇਤਾ ਕਰਦੇ ਹਨ।

ਐਬਟਸਫੋਰਡ ਪੁਲਿਸ ਵਿਭਾਗ ਅਤੇ ਕੈਨੇਡੀਅਨ ਸੈਂਟਰ ਫਾਰ ਚਾਇਲਡ ਪ੍ਰੋਟੈਕਸ਼ਨ ਦੀ ਸਾਂਝਦਾਰੀ ਨਾਲ ਆਈ.ਸੀ.ਈ ਦੇ ਮੈਂਬਰ ਅਤੇ ਏ ਪੀ ਡੀ ਦੀਆਂ ਹੋਰ ਇਕਾਈਆਂ ਐਬਟਸਫੋਰਡ ਸਕੂਲਾਂ ਵਿਚ ਵਰਤਿਆ ਜਾਣ ਵਾਲਾ ਮੈਟੀਰੀਅਲ ਕਿਵੇਂ ਤਿਆਰ ਹੁੰਦਾ ਹੈ ਦੀ ਜਾਣਕਾਰੀ ਰੱਖਦੀ ਹੈ।



**ਡੈਟ ਗਰੇਗ ਬ੍ਰਿੱਜ ਲੀਡਸ ਚਾਈਲਡ ਪ੍ਰੋਨੋਗ੍ਰਾਫ਼ੀ ਇਨਵੈਸਟੀਗੇਸ਼ਨ**

## ਰੀਕੰਸਟ੍ਰਕਸ਼ਨ ਕੋਲੀਯਨ









ਐਬਟਸਫੋਰਡ ਪੁਲਿਸ ਕੋਲੀਯਨ ਰੀਕੰਸਟ੍ਰਕਸ਼ਨ ਭਾਗ ਮੋਟਰ ਵਹੀਕਲ ਦੀਆਂ ਜਾਨਜੋਖੋਂ ਵਾਲੀਆਂ ਸਾਰੀਆਂ ਦੁਰਘਟਨਾਵਾਂ ਦੀ ਪੜਤਾਲ ਕਰਦਾ ਹੈ। ਇਹ ਸੈਕਸ਼ਨ ਹੋਮੀਸਾਈਡ ਅਤੇ ਗੰਭੀਰ ਅਪਰਾਧਾਂ ਦੀ ਪੜਤਾਲ ਵੀ ਕਰਦਾ ਹੈ।

ਏ ਪੀ ਡੀ ਦੇ ਸਾਰੇ ਮੈਂਬਰ ਕੋਲਿਯਨ ਨਾਲ ਸਬੰਧਤ ਸਬੂਤਾਂ ਦੀ ਪਛਾਣ ਕਰਨ, ਸਾਂਭ ਕੇ ਰੱਖਣ ਅਤੇ ਵਿਸ਼ਲੇਸ਼ਨ ਕਰਨ ਲਈ ਟ੍ਰੇਂਡ ਹਨ। ਇੰਨ੍ਹਾਂ ਕਾਰਨਾਂ ਵਿਚ ਸੜਕੀ ਹਾਲਤਾਂ, ਇੰਜਨੀਅਰਿੰਗ, ਸਾਈਨੇਜ, ਲਾਈਟਿੰਗ,ਮੌਸਮ, ਦ੍ਰਿਸ਼ਟਯੋਗਤਾ, ਵਹੀਕਲ ਦੀ ਮਕੈਨੀਕਲ ਹਾਲਤ ਅਤੇ ਡ੍ਰਾਈਵਰ ਸ਼ਾਮਲ ਹਨ। ਦ੍ਰਿਸ਼ ਤੋਂ ਇਕੱਠੇ ਕੀਤੇ ਸਬੂਤਾਂ ਵਿਚ ਟਾਇਰ ਦੇ ਨਿਸ਼ਾਨ ਅਤੇ ਵਹੀਕਲ ਨੂੰ ਪਹੁੰਚਿਆ ਨੁਕਸਾਨ ਅਤੇ ਲੋਕਾਂ ਨੂੰ ਲੱਗੀਆਂ ਸੱਟਾਂ-ਫੇਟਾਂ ਸ਼ਾਮਲ ਹਨ।

ਸਬੂਤ ਇਕੱਠੇ ਕਰਨ ਲਈ ਵਰਤੀ ਤਕਨਾਲੋਜੀ ਵਿਚ ਟੋਟਲ ਸਟੇਸ਼ਨ ਸਰਵੇ ਹਥਿਆਰ ਸ਼ਾਮਲ ਹਨ। ਡਿਜੀਟਲ ਫੋਟੋਗ੍ਰਾਫੀ, ਵੈਰੀਕੋਨ ਐਕਸਲਰੇਟਰ, ਕਰੈਸ਼ ਡੈਟਾ ਰੀਕਵਰੀ ਟੂਲਸ, ਫਾਰ ਕੰਪਿਊਟਰ ਏਅਰ ਬੈਗ, ਡੈਟਾ ਅਤੇ ਇਸ ਸਾਲ ਇਹ ਨਵਾਂ ਡਾਇਮਿੰਸਨਲ ਸਕੈਨਰ ਕੈਪੇਬਲ ਆਫ ਰੀਕੌਰਡਿੰਗ ਮਿਲੀਅਨਸ ਔਫ ਡੈਟਾ ਐਂਡੀਮੇਸਜ਼ ਟੂ ਕਰੀਏਟ ਏ ਵਰਚੂਅਲ 3ਧ ਇਮੇਜ ਔਫ ਦੀ ਸੀਨ ਐਂਡ ਐਵੀਡੈਂਸ ਲੋਕੇਟਡ ਇਨ ਇਟ

APD ਰੀਕਨਸਟਰਕਸ਼ਨ ਨੇੜ ਭਵਿੱਖ ਵਿਚ ਅੱਨਮੈਨਡ ਏਰੀਅਲ ਸਿਸਟਿਮਸ ਦੀ ਸਹਾਇਤਾ ਲਈ ਘਟਨਾ ਵਾਲੀ ਥਾਂ ਦੀ ਫੋਟੋਗਰਾਫੀ ਕਰਨ ਦੀ ਯੋਗਤਾ ਪ੍ਰਾਪਤ ਕਰ ਲਵੇਗਾ । ਸਾਰਾ ਡੈਟਾ ਅਤੇ ਸਬੂਤ ਇਸ ਸੈਕਸ਼ਨ ਦੇ ਮੈਂਬਰਾਂ ਵੱਲੋਂ ਵੇਖੇ ਪਰਖੇ ਜਾਂਦੇ ਹਨ ਅਤੇ ਫਿਜ਼ਿਕਸ ਦੇ ਲਾਅ ਵਰਤ ਕੇ ਦ੍ਰਿਸ਼ ਦੀ ਮੁੜ ਤਸਵੀਰ ਬਣਾਈ ਜਾਂਦੀ ਹੈ।

### ਨੰਬਰ

APD ਕੋਲਈਅਨ ਰੀਕਨਸਟਰਕਸ਼ਨ ਸ਼ਹਿਰ ਵਿਚ ਹੋਈਆਂ ਗੰਭੀਰ ਟੱਕਰਾਂ ਦੀ ਸਾਰ ਲੈਂਦਾ ਹੈ। ਔਸਤਨ ਏ ਪੀ ਡੀ ਹਰ ਸਾਲ 30-40 ਕੋਲਈਅਨ ਅਤੇ ਅਪਰਾਧ ਦ੍ਰਿਸ਼ਾਂ ਦੀ ਮੁੜ-ਉਸਾਰੀ ਕਰਦਾਹੈ। ਇਨ੍ਹਾਂ ਪੜਤਾਲਾਂ ਦੇ ਪੂਰਾ ਕਰਨ 'ਤੇ ਕਈ ਘੰਟੇ ਲੱਗ ਜਾਂਦੇ ਹਨ। ਅੱਜ ਕਲ ਐਬਟਸਫੋਰਡ ਪੁਲਿਸ ਵਿਭਾਗ ਕੋਲ ਦੋ ਕੋਲਈਅਨ ਰੀਕਨਸਟਰਕਸ਼ਨ ਮੈਂਬਰ ਹਨ ਅਤੇ ਇਕ ਅੰਡਰ-ਸਟੱਡੀ ਮੈਂਬਰ ਹੈ।

# ਸਾਲਾਨਾ ਗਤੀਵਿਧੀਆਂ ਦਾ ਲੇਖਾ ਜੋਖਾ

ਪੁਲਿਸ ਵਿਭਾਗ ਵਜੋਂ ਅਸੀਂ ਪਹਿਲੋਂ ਇਹ ਯਕੀਨੀ ਬਨਾਉਣਾ ਚਾਹੁੰਦੇ ਹਾਂ ਕਿ ਲੋਕਾਂ ਨੂੰ ਸੁਰੱਖਿਅਤ ਰੱਖਿਆ ਜਾਵੇ। ਸਾਡੇ ਕੰਮਾਂ ਵਿਚੋਂ ਲੋਕਾਂ ਨਾਲ ਸਾਂਝ ਹੋਣ ਦੀ ਝਲਕ ਹੋਵੇ। ਨਾਲ ਹੀ ਕਮਿਉਨਿਟੀ ਦੀ ਵਿਭਿੰਨਤਾ ਨਜ਼ਰ ਆਵੇ।

ਇਹ ਜ਼ਰੂਰੀ ਹੈ ਕਿ ਸਾਡੀ ਕਮਿਉਨਿਟੀ ਨੂੰ ਆਪਣਾ ਆਪਾ ਸਾਡੇ ਵਿਭਾਗ ਵਿਚ ਪੇਸ਼ ਕੀਤਾ ਵਿਖਾਈ ਦੇਵੇ ਅਤੇ ਇਸ ਲਈ ਸਾਡਾ ਟੀਚਾ ਇਸ ਤੱਥ ਨੂੰ ਯਕੀਨੀ ਬਨਾਉਣਾ ਹੈ ਕਿ ਸਾਡਾ ਵਿਭਾਗ ਐਬਟਸਫੋਰਡ ਦੀ ਰੰਗ ਬਰੰਗੀ ਵਸੋਂ ਦਾ ਪ੍ਰਤੀਨਿੱਧ ਬਣੇ ਜਿਸ ਵਿਚ ਲਿੰਗੀ ਬਰਾਬਰਤਾ ਹੋਵੇ ਅਤੇ ਅਲਪ ਸੰਖਿਅਕ ਗਰੁੱਪ ਵੱਖ ਵੱਖ ਅਹੁਦਿਆਂ ਅਤੇ ਲੀਡਰਸ਼ਿਪ ਵਿਚ ਪ੍ਰਤਿਬਿੰਬਤ ਹੋਵੇ। ਇਸ ਕਰਕੇ ਅਸੀਂ ਇਸ ਸਾਲ 25 ਨਵੇਂ ਮੈਂਬਰ ਭਰਤੀ ਕਰ ਰਹੇ ਹਾਂ ਕਿ ਸਹੀ ਆਸਾਮੀ ਮੈਨੇਜਮੈਂਟ ਰਾਹੀਂ ਕਾਫੀ ਸੁਧਾਰ ਹੋਵੇ। ਐਬਟਸਫੋਰਡ ਪੁਲਿਸ ਵਿਭਾਗ ਆਧੁਨਿਕ ਸੰਗਠਨ ਬਣਨ ਦਾ ਯਤਨ ਕਰ ਰਿਹਾ ਹੈ। ਇਸ ਦੀ ਪੂਰਤੀ ਲਈ ਅਸੀਂ ਵਚਨਬੱਧ ਹਾਂ ਕਿ ਇਸ ਸਾਲ ਅਸੀਂ 25 ਨਵੇਂ ਸਟਾਫ਼ ਮੈਂਬਰ ਹੋਰ ਲਵਾਂਗੇ, ਉਨ੍ਹਾਂ ਦੀ ਯੋਗਤਾ ਅਤੇ ਉਪਰਾਲੇ ਕਮਿਊਨਿਟੀ ਨੂੰ ਅਹਿਸਾਸ ਕਰਵਾਉਣਗੇ। ਜਿਸ ਨੂੰ ਉਸ ਕਮਿਉਨਿਟੀ ਦਾ ਭਰੋਸਾ ਅਤੇ ਸਹਾਇਤਾ ਪ੍ਰਾਪਤ ਹੋਵੇ ਜਿਸ ਦੀ ਇਹ ਸੇਵਾ ਕਰ ਰਿਹਾ ਹੈ।

ਅਸੀਂ ਆਪਣੇ ਮੈਂਬਰਾਂ ਅਤੇ ਕਰਮਚਾਰੀਆਂ ਦੀ ਵਰਤਮਾਨ ਯੋਗਤਾ ਸਹਾਰੇ ਕੰਮ ਕਰਨਾ ਜਾਰੀ ਰੱਖਾਂਗੇ ; ਯਥਾਰਥਕ ਜੁਗਤੀ-ਯੁਕਤ ਪਹਿਲਾਂ ਰਾਹੀਂ ਪਬਲਿਕ ਸੁਰੱਖਿਆ ਅਤੇ ਵਿਭਾਗ ਦੇ ਕੰਮਾਂ ਨੂੰ ਮੈਨੇਜ ਕਰਾਂਗੇ ।

ਅਸੀ ਆਪਣੇ ਮੈਂਬਰਾਂ ਨੂੰ ਪਰੇਸ਼ਾਨੀ ਅਤੇ ਕੰਮ ਵਾਲੀ ਥਾਂ ਦੀ ਹਿੰਸਾ ਤੋਂ ਅਤੇ ਬੂਲੀਇੰਗ ਤੋਂ ਬਚਾਉਣ ਲਈ ਅਤੇ ਉਨ੍ਹਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਨਾਉਣਾ ਜਾਰੀ ਰੱਖਾਂਗੇ।

ਅਸੀਂ ਇੰਡਸਟਰੀ ਮਿਆਰਾਂ ਦੇ ਤੁੱਲ ਹੋਣ ਲਈ ਅਤੇ ਉਨ੍ਹਾਂ ਦੇ ਹੁਨਰਾਂ ਨੂੰ ਬਣਾਈ ਰੱਖਣ ਲਈ ਆਪਣੇ ਕਰਮਚਾਰੀਆਂ ਨੂੰ ਟ੍ਰੇਨਿੰਗ ਦੇਵਾਂਗੇ। ਆਖਰ ਇਹ ਯਤਨ ਉਹ ਇਤਬਾਰਯੋਗਤਾ ਅਤੇ ਭਰੋਸਾ ਵਧਾਉਣਗੇ ਜਿੰਨ੍ਹਾਂ ਦੀ ਐਬਟਸਫੋਰਡ ਦੇ ਸ਼ਹਿਰੀਆਂ ਨੂੰ ਆਪਣੇ ਪੁਲਿਸ ਵਿਭਾਗ ਤੋਂ ਆਸ ਹੈ।




## ਜੁਗਤੀਯੁਕਤ ਯੋਜਨਾ

### ਹਿੰਸਕ ਅਪਰਾਧ ਘਟਾਉਣਾ

2017 ਵਿਚ ਬੀ ਸੀ ਦੀਆਂ ਹੋਰ ਕਮਿਉਨਿਟੀਆਂ ਵਾਂਗ ਐਬਟਸਫੋਰਡ ਨੇ ਵੀ ਲੋਅਰ ਮੇਨਲੈਂਡ ਗੈਂਗ ਝਗੜਿਆਂ ਦਾ ਪ੍ਰਭਾਵ ਮਹਿਸੂਸ ਕੀਤਾ। ਐਬਟਸਫੋਰਡ ਵਿਚ ਹੋਮੀਸਾਈਡ ਦੇ 9 ਕੇਸ ਹੋਏ ਜਿਨ੍ਹਾਂ ਵਿਚੋਂ 7 ਇਨ੍ਹਾਂ ਝਗੜਿਆਂ ਨਾਲ ਸਬੰਧਤ ਸਨ। ਐਬਟਸਫੋਰਡ ਪੁਲਿਸ ਵਿਭਾਗ ( ਅ ਪ ਵ) ਕਮਿਉਨਿਟੀ ਵਿਚੋਂ ਗੈਂਗ ਹਿੰਸਾ ਨੂੰ ਨਸ਼ਟ ਕਰਨ ਲਈ ਵਚਨਬੱਧ ਹੈ ਇਸ ਮੰਤਵ ਲਈ2017 ਦੇ ਅਖੀਰ ਵਿਚ ਗੈਂਗਕ੍ਰਾਈਮ ਯੂਨਿਟ ਸਥਾਪਿਤ ਕੀਤਾ ਗਿਆ ਜਿਹੜਾ 2018ਵਿਚ ਪੂਰਾ ਕੰਮ ਕਰਨਾ ਅਰੰਭੇਗਾ। ਇਹ ਯੂਨਿਟ ਪਰਿਵਾਰਾਂ ਦੀ ਸਹਾਇਤਾ ਕਰ ਰਿਹਾ ਹੈ ਤਾਂ ਜੋ ਪਰਿਵਾਰ ਬੱਚਿਆਂ ਨੂੰ ਗੈਂਗਾਂ ਵਿਚ ਜਾਣ ਤੋਂ ਰੋਕ ਸਕਣ।

### ਰੋਡ ਸੇਫਟੀ

ਪਿਛਲੇ ਕੁਝ ਸਾਲਾਂ ਦੌਰਾਨ ਪਬਲਿਕ ਸੇਫਟੀ ਦੇ ਕੁਝ ਮੁੱਦਿਆਂ ਦੀ ਪਹਿਲ ਹੋਣ ਕਰਕੇ ਏ ਪੀ ਡੀ ਟ੍ਰੈਫਿਕ ਐਨਫੋਰਸਮੈਂਟ ਵਾਸਤੇ ਪੂਰੇ ਸਰੋਤ ਨਾ ਜੁਟਾ ਸਕਿਆ। 6 ਨਵੰਬਰ 2017 ਨੂੰ ਕਾਂਸਟੇਬਲ ਜੌਨ ਡੇਵਿਡਸਨ ਦੀ ਦੁਖਾਂਤਕ ਮੌਤ ਕਾਰਨ ਇਸ ਯੂਨਿਟ ਵਿਚ ਵੱਡਾ ਖਲਾਅ ਰਹਿ ਗਿਆ। 2017 ਵਿਚ ਏ ਪੀ ਡੀ ਇਸ ਯੂਨਿਟ ਵਿਚ ਪੂਰਾ ਸਟਾਫ ਭਰਤੀ ਕਰਨ ਲਈ ਅਤੇ ਹਾਈ ਕੋਲੀਯਨ ਸਥਾਨਾਂ ਤੇ ਬੇਧਿਆਨੀ ਡ੍ਰਾਈਵਿੰਗ ਅਤੇ ਸ਼ਰਾਬ ਪੀ ਕੇ ਡ੍ਰਾਈਵਿੰਗ ਕਰਨ ਵਾਲਿਆਂ ਨੂੰ ਨੱਥ ਪਾਉਣ ਲਈ ਵਚਨਬੱਧ ਸੀ। 2017 ਵਿਚ TEU ਵਿਚ ਤਿੰਨ ਹੋਰ ਮੈਂਬਰ ਅਤੇ ਸਾਰਜੈਂਟ ਭਰਤੀ ਕੀਤਾ ਗਿਆ । 2018 ਵਿਚ 3 ਹੋਰ ਮੈਂਬਰ ਲਗਾਏ ਜਾਣਗੇ ਏ ਪੀ ਡੀ ਨੇ ਅਲੈਕਸਾ ਟੀਮ ਵਿਚ 8 ਮੈਂਬਰ ਨਾਮਜ਼ਦ ਕਰਵਾਏ ਜਿਹੜਾ ਪੁਲਿਸ ਅਫਸਰਾਂ ਦੇ ਕੰਮ ਅਤੇ ਸ਼ਰਾਬੀ ਡ੍ਰਾਈਵਰਾਂ ਨੂੰ ਨੱਥ ਪਾਉਣ ਦੀ ਲਗਨ ਦੀ ਕਦਰ ਕਰਦਾ ਹੈ

### ਓਵਰਡੋਜ਼ ਦੀ ਰੋਕ

2018 ਦੌਰਾਨ ਬੀ ਸੀ ਵਿਚ ਅਫੀਮੀ ਨਸ਼ੇ ਦਾ ਸੰਕਟ ਬਹੁਤ ਵਧ ਗਿਆ ਜਦੋਂ 1449 ਮੌਤਾਂ ਹੋ ਗਈਆਂ। 2017 ਦੌਰਾਨ ਐਬਟਸਫੋਰਡ ਵਿਖੇ 50 ਮੌਤਾਂ ਹੋਈਆਂ ਜੋ 2016 ਨਾਲੋਂ10 ਵਧੇਰੇ ਸਨ ।ਅ ਪ ਵ ਐਬਟਸਫੋਰਡ ਓਪੀਅਡ ਵਰਕਿੰਗ ਗਰੁੱਪ ਵਿਚ ਮੁਖ ਭਾਗੀਦਾਰ ਹੈ ਜੋ ਓਵਰਡੋਜ਼ਾਂ ਦੀਆਂ ਮੌਤਾਂ ਦਾ ਹੱਲ ਲਭਣ ਵਿਚ ਮੋਹਰੀ ਰੋਲ ਨਿਭਾ ਰਿਹਾ ਹੈ। ਇਸ ਤੋਂ ਇਲਾਵਾ ਡ੍ਰੱਗ ਐਨਫੋਰਸਮੈਂਟ ਯੂਨਿਟ ਫੈਨਟਾਨਿਲ ‘ਤੇ ਧਿਆਨ ਦੇ ਕੇ ਡ੍ਰੱਗ ਇਨਵੈਸਟੀਗੇਸ਼ਨ ਨੂੰ ਪਹਿਲ ਦੇ ਰਿਹਾ ਹੈ । 2017 ਵਿਚ ਡ੍ਰੱਗ ਐਨਫੋਰਸਮੈਂਟ ਯੂਨਿਟ ਨੇ ਬਹੁਤ ਸਾਰੀਆਂ ਗ੍ਰਿਫਤਾਰੀਆਂ ਕੀਤੀਆਂ ਅਤੇ ਨਵੰਬਰ ਵਿਚ ਡ੍ਰੱਗ ਟ੍ਰੈਫਿਕਰ ਦੀ ਗ੍ਰਿਫਤਾਰੀ ਕੀਤੀ ਜੋ ਅਜਿਹੇ ਨਸ਼ੇ ਸਪਲਾਈ ਕਰਦਾ ਸੀ ਜਿਨ੍ਹਾਂ ਨਾਲ ਅਕਤੂਬਰ ਵਿਚ ਪੰਜ ਮੌਤਾ ਹੋਈਆਂ ਸਨ।

### ਪ੍ਰਾਪਰਟੀ ਅਪਰਾਧ

ਐਬਟਸਫੋਰਡ ਵਿਚ ਪ੍ਰਾਪਰਟੀ ਅਪਰਾਧਾਂ ਵਿਚ 2016 ਨਾਲੋਂ 7%ਦਾ ਵਾਧਾ ਵੇਖਿਆ ਗਿਆ ਆਟੋ ਚੋਰੀ ਵਿਚ 17% ਦਾ ਵਾਧਾ ਹੋਇਆ। ਵਪਾਰ ਅਤੇ ਸੰਨ੍ਹ ਲਾ ਕੇ ਹੋਣ ਵਾਲੇ ਅਪਰਾਧਾਂ ਵਿਚ 2016 ਨਾਲੋਂ 11% ਦਾ ਵਾਧਾ ਹੋਇਆ ਪਰ ਆਟੋ ਚੋਰੀ 2% ਘਟੀ। 2017 ਵਿਚ ਪ੍ਰਾਪਰਟੀ ਅਪਰਾਧ ਘਟਾਉਣ ਲਈ ਕਈ ਢੰਗ ਵਿਕਸਤ ਕੀਤੇ ਗਏ। CRU ਦੇ ਕ੍ਰਾਂਈਮ ਰੀਡਕਸ਼ਨ ਯੂਨਿਟ ਨੇ ਆਪਣੀ ਜਾਂਚ ਨੂੰ ਬਾਰ ਬਾਰ ਜੁਰਮ ਕਰਨ ਵਾਲਿਆਂ ‘ਤੇ ਕੇਂਦ੍ਰਿਤ ਕੀਤਾ ਜਿਹੜੇ ਸ਼ਹਿਰ ਵਿਚ ਹੋਣ ਵਾਲੇ ਪ੍ਰਾਪਰਟੀ ਅਪਰਾਧਾਂ ਲਈ ਜ਼ਿਮੇਵਾਰ ਹਨ। ਇਕ ਮੁਜਰਮ ਜਿਸ ਨੂੰ ਇਸ ਯੂਨਿਟ ਨੇ ਨਿਸ਼ਾਨਾ ਬਣਾਇਆ,ਜਿਹੜਾ ਸੰਨ੍ਹ ਲਾ ਲਾ ਕੇ ਰਿਹਾਇਸ਼ੀ ਚੋਰੀਆਂ ਕਰਨ ਵਿਚ ਸਰਗਰਮ ਸੀ, ਕਾਬੂ ਕੀਤਾ ਗਿਆ। ਇਕ ਹੋਰ ਗ੍ਰਿਫਤਾਰ ਕੀਤਾ ਜਿਸ ਦੀ ਕਾਰ ਵਿਚੋਂ $10000 ਫੜੇ ਗਏ। ਉਸ ‘ਤੇ 14 ਚਾਰਜ ਲਾਏ ਗਏ ਅਤੇ ਆਖਰ ਉਸ ਨੂੰ 6 ਸਾਲ ਲਈ ਜੇਲ੍ਹ ਭੇਜਿਆ ਗਿਆ। ਸ਼ਹਿਰ ਵਿਚ ਵਿਸ਼ੇਸ਼ ਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਜਿਨ੍ਹਾਂ ਨੂੰ ਸਮੱਸਿਆ ਵਾਲੀਆਂ ਥਾਵਾਂ ਸਮਝਿਆ ਜਾ ਰਿਹਾ ਸੀ ਅਤੇ ਜਿੱਥੇ ਅਪਰਾਧੀ ਆਮ ਹੀ ਆਂਦੇ ਜਾਂਦੇ ਸਨ। ਇਨ੍ਹਾਂ ਨੂੰ ਕ੍ਰਾਈਮ ਰੀਡਕਸ਼ਨ ਯੂਨਿਟ ਅਤੇ ਪੈਟਰੋਲ ਮੈਂਬਰਾਂ ਵੱਲੋਂ ਨਿਸ਼ਾਨਾ ਬਣਾਇਆ ਗਿਆ। APD ਪੈਟਰੋਲ ਸੈਕਸ਼ਨ ਨੇ ਵੀ ਕਈ ਪਹਿਲਾਂ ਕੀਤੀਆਂ ਜਿਸ ਨੇ ਆਟੋਮੇਟਿਡ ਲਾਇਸੈਂਸ ਪਲੇਟ ਰੈਕਗਨਿਸ਼ਨ ਵਹੀਕਲ ਵਰਤਿਆ ਜਿਹੜਾ ਟ੍ਰੈਫਿਕ ਸੈਕਸ਼ਨ ਵੱਲੋਂ ਆਮ ਵਰਤਿਆ ਜਾਂਦਾ ਹੈ ਇਸ ਨਾਲ ਵਹੀਕਲ ਚੋਰੀ ਕਰਨ ਵਾਲਿਆਂ ਅਤੇ ਪ੍ਰਾਪਰਟੀ ਅਪਰਾਧੀਆਂ ਦੀ ਨਿਸ਼ਾਨ ਦੇਹੀ ਕੀਤੀ ਜਾਂਦੀ ਹੈ।

## ਮਨੁੱਖੀ ਸਰੋਤ

2017 ਸਾਡੇ ਪੁਲਿਸ ਵਿਭਾਗ ਲਈ ਬੇਹੱਦ ਚਣੌਤੀ ਵਾਲਾ ਸਾਲ ਸੀ ਪਰ ਅਸੀਂ ਦੂਸਰੇ ਪਾਸੇ ਬਲਵਾਨ ਹੋਏ ਸੀ। ਸਾਡੇ ਮੈਂਬਰਾਂ ਵਿਚੋਂ ਇਕ ਦਾ ਘਾਟਾ ਪੁਲਿਸ ਦੇ ਕੰਮ ਨਾਲ ਜੁੜਿਆ ਮਾਨਸਕ ਫੁੱਟ ਦਾ ਸਾਡੇ ਕਰਮਚਾਰੀਆਂ ‘ਤੇ ਅਸਰ ਸੀ । ਲੋਕ ਸੁਰੱਖਿਆ ਨੂੰ ਯਕੀਨੀ ਬਨਾਉਣਾ ਸਾਡੇ ਮੈਂਬਰਾਂ ਅਤੇ ਸਿਵਲੀਅਨ ਕਰਮਚਾਰੀਆਂ ਲਈ ਤਣਾਓ ਭਰਪੂਰ ਸੀ ਅਸੀਂ ਪ੍ਰਾਪਤੀ ਲਈ ਲਗਾਤਾਰ ਜੂਝ ਰਹੇ ਹਾਂ। ਸਾਡਾ ਮੰਤਵ ਐਬਟਸਫੋਰਡ ਨੂੰ ਬੀ ਸੀ ਵਿਚ ਸਭ ਤੋਂ ਵੱਧ ਸੁਰੱਖਿਅਤ ਬਨਾਉਣਾ ਹੈ। ਅਸੀਂ ਪਹਿਲਾਂ ਨਾਲੋਂ ਵੀ ਵੱਧ ਯਤਨ ਕਰ ਰਹੇ ਹਾਂ ਕਿ ਵਰਕਫੋਰਸ ਨੂੰ ਸਿਹਤਮੰਦ ਬਣਾਈਏ। ਅਸੀਂ ਉਹ ਕਦਮ ਚੱਕੇ ਹਨ ਜਿਨ੍ਹਾਂ ਨਾਲ ਵਿਭਾਗ ਵਿਚ ਮਾਨਸਿਕ ਅਤੇ ਸਰੀਰਕ ਭਲਾਈ ਸਹੀ ਰਹੇ। ਇਹ ਮਹੱਤਵਪੂਰਨ ਹੈ ਕਿ ਅ ਪ ਵ ਆਪਣੇ ਐਂਪਲਾਈਜ਼ ਲਈ ਸਿਹਤਮੰਦ ਵਰਕ-ਪਲੇਸ ਦੀ ਗਾਰੰਟੀ ਦੇਵੇ। ਅ ਪ ਵ ਲਗਾਤਾਰ ਅਜਿਹੇ ਪ੍ਰੋਗਰਾਮ ਬਣਾ ਰਿਹਾ ਹੈ ਜਿਹੜੇ ਮਾਨਸਿਕ ਅਤੇ ਸਰੀਰਕ ਸਿਹਤ ਨੂੰਬੜ੍ਹਾਵਾ ਦੇਣ। ਇਹ ਪਹਿਲ ਬਣੀ ਰਹੇਗੀ। ਅਸੀਂ ਆਪਣੇ ਆਪਰੇਸ਼ਨਲ ਕਮਿਊਨੀਕੇਸ਼ਨ ਸੈਂਟਰ ਨੂੰ ਸੂਬਾਈ ECOMM ਤਕ ਪੁੰਚਾਉਣ ਲਈ। ਕਦਮ ਪੁੱਟਆ ਹੈ ਅਤੇ ਇਹ ਤਬਦੀਲੀ ਬਹੁਤ ਸਾਰੇ ਐਂਪਲਾਈਜ਼ ਵਾਸਤੇ ਔਖੀ ਸੀ ਪਰ ਬਹੁਤ ਸਾਰੀਆਂ ਕੁਸ਼ਲਤਾਵਾਂ ਪ੍ਰਾਪਤ ਹੋਈਆਂ ਹਨ। ਪੋਲੀਸਿੰਗ ਲਗਾਤਾਰ ਬਦਲ ਰਹੀ ਹੈ ਅਤੇ APD ਅਗ੍ਹਾਂ-ਵਧੂ ਬਣ ਰਿਹਾ ਹੈ ਪਰ ਮਾਲੀ ਜਿੰਮੇਵਾਰੀ ਨੂੰ ਯਕੀਨੀ ਬਣਾਇਆ ਹੋਇਆ ਹੈ। ਲਗਭਗ ਸਾਡੇ ਸਾਲਾਨਾ ਬੱਜਟ ਦਾ 90% ਸਟਾਫਿੰਗ ਲਈ ਅਰਪਿਤ ਹੈ ਇਸ ਕਰਕੇ ਕਮਿਉਨਿਟੀ ਦੇ ਬਚਾਅ ਲਈ ਆਪਣੀ ਕੁਸ਼ਲਤਾ ਨੂੰ ਵਧਾਉਣਾ ਸਾਡੀ ਪਹਿਲ ਹੈ।



*ਬੇਦਾਅਵਾ: ਇਸ ਦਸਤਾਵੇਜ਼ ਵਿਚਲੀ ਜਾਣਕਾਰੀ 19 ਜੁਲਾਈ, 2018 ਤੱਕ ਦੀ ਮੁਕੰਮਲ ਜਾਣਕਾਰੀ ਹੈ।*

## 2017 ਦਾ ਘੋਰ ਅਪਰਾਧਿਕ ਤੁਲਨਾਤਮਕ ਬਾਰ ਗਰਾਫ ਐਬਟਸਫੋਰਡ/ਲੈਂਗਲੀ/ਚਿਲਾਵੈਕ/ਮਿਸ਼ਨ


ਐਬਟਸਫੋਰਡ, ਲੈਂਗਲੀ, ਚਿਲਾਵੈਕ ਅਤੇ ਮਿਸ਼ਨ ਦਾ ਅਪਰਾਧ ਦਰ ਮਿਣਨ ਲਈ ਵਰਤੇ ਅੰਕੜੇ:

| ਮਿਊਨਿਸਪੈਲਟੀ | ਅਪਰਾਧ ਦਰ ਪ੍ਰਤੀ 1000 | 2017 ਵਿੱਚ ਹਿੰਸਕ ਅਪਰਾਧ | 2017 ਦੀ ਅਬਾਦੀ |
|---|---|---|---|
| ਐਬਟਸਫੋਰਡ | 9 | 1339 | 145,102 |
| ਲੈਂਗਲੀ | 10 | 1219 | 127,730 |
| ਚਿਲਾਵੈਕ | 11 | 949 | 88,287 |
| ਮਿਸ਼ਨ | 14 | 542 | 40,007 |

*ਕਰਾਈਮ ਡਾਟਾ 19 ਜੁਲਾਈ, 2018 ਨੂੰ ਪਰਾਈਮ ਬੀ.ਸੀ. (2018) ਤੋਂ ਡਾਊਨਲੋਡ ਕੀਤਾ ਗਿਆ।
**ਪ੍ਰਾਇਮਰੀ ਯੂਸੀਆਰ ਸਿੰਗਲ ਲਾਈਨ ਸਕੋਰਿੰਗ ਦੀ ਵਰਤੋਂ ਕਰਕੇ ਕਰਾਈਮ ਦੀ ਗਿਣਤੀ ਕੀਤੀ ਗਈ ਹੈ।
***ਜਿੱਥੇ ਸੀ ਸੀ ਆਈ ਐਸ ਸਟੇਟਸ ਕੋਡ ਏ ਹੈ ਉਹ ਲੱਭੇ ਨਹੀਂ ਜਾਂ ਜਿੱਥੇ ਯੂ ਸੀ ਆਰ ਜ਼ੈੱਡ ਹੈ ਉਹ ਹਮੇਸ਼ਾ ਸ਼ਾਮਲ ਨਹੀਂ ਕੀਤੇ ਜਾਂਦੇ।
****ਕਰਾਈਮ ਰੇਟ ਪ੍ਰਤੀ 100 ਦਾ ਫਾਰਮੂਲਾ = ਰਿਪੋਰਟ ਕੀਤੇ ਕ੍ਰਿਮੀਨਲ ਕੋਡ ਦੀਆਂ ਕੁੱਲ ਫਾਈਲਾਂ (ਜਨ ਸੰਖਿਆ 1000)
*****ਬੀ.ਸੀ. ਸਟੇਟਸ ਪਾਪੂਲੇਸ਼ਨ ਐਸਟੀਮੇਟ ਜੋੜ 2017 ਲਈ: ਐਬਟਸਫੋਰਡ (145,102), ਲੈਂਗਲੀ (127,730), ਚਿਲੀਵਾਕ (88,287), ਮਿਸ਼ਨ (40,007)। ਬੀ.ਸੀ. ਸਟੇਟਸ, ਮਨਿਸਟਰੀ ਆਫ ਜੌਬਸ, ਟਰੇਡ ਐਂਡ ਟੈਕਨਾਲਜੀ, ਗੌਰਮਿੰਟ ਆਫ ਬੀ.ਸੀ. ਦੇ ਡੈਮੋਗਰਾਫਿਕ ਪੜਚੋਲ ਸੈਕਸ਼ਨ ਤੋਂ।

### 2017 ਦੇ ਜਾਇਦਾਦੀ ਅਪਰਾਧਾਂ ਦੀ ਪ੍ਰਤੀਸ਼ਤਤਾ

■ ਟੀ.ਐਫ.ਏ ■ ਮਿਸਚਿਫ ■ ਟੀ.ਓ.ਏ ■ ਬੀ.ਐਨ.ਈ ਰਿਹਾਇਸ਼ੀ ■ ਬੀ.ਐਨ.ਈ ਵਪਾਰਕ ■ ਬੀ.ਐਨ.ਈ ਹੋਰ




## 2016-17 ਦੇ ਅਪਰਾਧਾਂ ਦੀ ਪ੍ਰਤੀਸ਼ਤਤਾ (ਹਫ਼ਤਾਵਾਰੀ ਇੰਟੈਲੀਜੈਂਸ ਤਫਸੀਲਾਂ)(ਟੀ.ਐਫ.ਏ, ਟੀ.ਓ.ਏ. ਬੀ.ਐਨ.ਈ. ਰਿਹਾਇਸ਼ੀ, ਬੀ.ਐਨ.ਈ ਵਪਾਰਕ, ਬੀ.ਐਨ.ਈ ਹੋਰ, ਗਲਤੀਆਂ, ਲੁੱਟਾਂ-ਖੋਹਾਂ, ਜ਼ਖਮੀਆਂ, ਐਮ. ਬੀ. ਵਿਚ ਐਬਟਰਫੋਰਡ ਦਾ ਗ੍ਰਾਫ਼

| ਅਪਰਾਧ ਕਿਸਮ | 2016 | 2017 | ਪ੍ਰਤੀਸ਼ਤ ਵਿਚ ਤਬਦੀਲੀ 2016 |
|---|---|---|---|
| ਆਟੋ ਚੋਰੀ | 2039 | 2382 | **17%** |
| ਸ਼ਰਾਰਤ | 859 | 845 | **-2%** |
| ਆਟੋ ਚੋਰੀ | 619 | 606 | **-2%** |
| ਡਕੈਤੀ | 93 | 65 | **-30%** |
| ਇੰਜਰੀ ਮੋਟਰ ਵਹੀਕਲ | 70 | 69 | **-1%** |
| ਸੰਨ੍ਹ (ਰਿਹਾਇਸ਼ੀ) | 284 | 314 | **11%** |
| ਸੰਨ੍ਹ (ਵਪਾਰ) | 249 | 276 | **11%** |
| ਸੰਨ੍ਹ (ਹੋਰ) | 245 | 235 | **-4%** |
| ਸੰਨ੍ਹ ਅਤੇ ਚੋਰੀ ਹੋਰ (ਰਿਹਾਇਸ਼ੀ, ਬੱਸ ਅਤੇ ਹੋਰ) | 778 | 825 | **6%** |
| **ਸਾਰੇ** | **4458** | **4792** | **7%** |

*ਕਰਾਈਮ ਡਾਟਾ 17 ਜੁਲਾਈ, 2018 ਨੂੰ ਪਰਾਈਮ ਬੀ.ਸੀ. (2018) ਤੋਂ ਡਾਊਨਲੋਡ ਕੀਤਾ ਗਿਆ।
**ਪ੍ਰਾਇਮਰੀ ਯੂਸੀਆਰ ਸਿੰਗਲ ਲਾਈਨ ਸਕੋਰਿੰਗ ਦੀ ਵਰਤੋਂ ਕਰਕੇ ਕਰਾਈਮ ਦੀ ਗਿਣਤੀ ਕੀਤੀ ਗਈ ਹੈ।
***ਜਿੱਥੇ ਸੀ ਸੀ ਆਈ ਐਸ ਸਟੇਟਸ ਕੋਡ ਏ ਹੈ ਉਹ ਲੱਭੇ ਨਹੀਂ ਜਾਂ ਜਿੱਥੇ ਯੂ ਸੀ ਆਰ ਜ਼ੈੱਡ ਹੈ ਉਹ ਹਮੇਸ਼ਾ ਸ਼ਾਮਲ ਨਹੀਂ ਕੀਤੇ ਜਾਂਦੇ।

ਉਪਰੋਕਤ ਗਰਾਫ 2016 ਤੋਂ ਹੋਈ ਤਬਦੀਲੀ ਦੇ ਅੰਕੜੇ ਦਰਸਾਉਂਦੇ ਹਨ। ਆਟੋ ਚੋਰੀ 17 ਪ੍ਰਤੀਸ਼ਤ ਵਧੀ ਅਤੇ ਘਰਾਂ ਤੇ ਬਿਜ਼ਨਸ ਵਿਚ 11 ਪ੍ਰਤੀਸ਼ਤ ਵਧੀ ਅਤੇ ਕੁੱਲ ਪ੍ਰਾਪਰਟੀ ਕਰਾਈਮ ਵਿਚ 7 ਪ੍ਰਤੀਸ਼ਤ ਦਾ ਵਾਧਾ।

**ਇੱਥੇ 41 ਪ੍ਰਤੀਸ਼ਤ ਕਲੀਅਰੈਂਸ ਰੇਟ, 1339 ਡਾਇਲੈਂਟ ਕਰਾਈਮ ਈਵੈਂਟਸ ਔਨ 546 ਵਾਇਲੈਂਟ ਕਰਾਈਮ ਈਵੈਂਟਸ ਇਨ 2017**

*ਕਲੀਅਰੈਂਸ ਰੇਟ ਸੀ.ਸੀ.ਆਈ.ਐਸ. ਸਟੇਟਸ ਆਫ ਚਾਰਜਿਡ ਐਂਡ ਕੁੱਲ ਵਾਇਲੈਂਟ ਕਰਾਈਮ ਦੀਆਂ ਘੋਖੀਆਂ ਫਾਈਲਾਂ ਦੇ ਨੰਬਰ ਅਨੁਸਾਰ।

**2104 ਤੋਂ (1299 ਡਾਇਲੈਂਟ ਕਰਾਈਮ ਈਵੈਂਟਸ) 2015 (1455 ਵਾਇਲੈਂਟ ਕਰਾਈਮ ਈਵੈਂਟਸ) ਦਰਮਿਆਨ**
12% **ਵਾਧਾ**

**2015 (1455 ਵਾਇਲੈਂਟ ਕਰਾਈਮ ਈਵੈਂਟਸ) ਤੋਂ 2016 ( 1428 ਵਾਇਲੈਂਟ ਕਰਾਈਮ ਈਵੈਂਟਸ) ਦਰਮਿਆਨ**
2% **ਘੱਟ**

**2016 ( 1428 ਵਾਇਲੈਂਟ ਕਰਾਈਮ ਈਵੈਂਟਸ) ਤੋਂ 2017 (1339 ਵਾਇਲੈਂਟ ਕਰਾਈਮ ਈਵੈਂਟਸ) ਦਰਮਿਆਨ**
6% **ਘੱਟ**

## ਸਾਲਾਂ ਵਿਚ ਗਿਣਤੀ



293 ਕਰਮਚਾਰੀ
77 ਸਿਵਲੀਅਨ (ਪਾਰਟ ਟਾਈਮ ਅਤੇ ਫੁੱਲ ਟਾਈਮ)

216 ਯੂਨੀਫਾਰਮਡ ਮੈਂਬਰਜ਼
14 ਰਿਜ਼ਰਵ ਕਾਂਸਟੇਬਲ

116 ਕਮਿਊਨਿਟੀ ਪੋਲੀਸਿੰਗ ਵਲੰਟੀਅਰ

60 ਵਿਕਟਮ ਸਰਵਿਸ ਵਲੰਟੀਅਰਜ਼
9 ਹਾਇਰ ਕੀਤੇ ਰਕਰੂਟਸ
5 ਹਾਇਰ ਕੀਤੇ ਤਜ਼ਰਬੇਕਾਰ ਪੁਲਿਸ ਅਫਸਰ

## ਵਰਕਲੋਡ

69,432 ਐਬਟਸਫੋਰਡ ਪੁਲਿਸ ਵਿਭਾਗ ਨੂੰ ਪ੍ਰਾਪਤ ਹੋਈਆਂ ਕੁੱਲ ਰਿਪੋਰਟ ਕੀਤੀਆਂ ਕਾਲਾਂ।
33,175 ਪੁਲਿਸ ਨੇ ਡਿਸਪੈਚ ਕੀਤੀਆਂ ਸਰਵਿਸ ਦੀਆਂ ਕੁੱਲ ਕਾਲਾਂ
7% Decrease ਪ੍ਰਤੀਸ਼ਤ ਵਾਧਾ: 2016 ਤੋਂ ਰਿਕਾਰਡ ਕੀਤੇ ਵਾਇਲੈਂਟ
2,119 ਮਿਊਂਸਪਲ, ਪ੍ਰੋਵੈਂਸ਼ਲ ਅਤੇ ਫੈਡਰਲ ਸਟੇਟਸ ਅਧੀਨ ਲਾਏ ਗਏ ਚਾਰਜਿਜ਼
12 ਐਬਟਸਫੋਰਡ ਵਿਚ ਰਿਪੋਰਟ ਕੀਤੇ ਗਏ ਫੇਟਲ ਕੋਲੀਜ਼ਨਜ਼
363,000 ਘੰਟੇ ਜੋ ਐਬਟੋਫੋਰਡ ਪੁਲਿਸ ਵਿਭਾਗ ਦੇ ਅਫਸਰਾਂ ਵੱਲੋਂ ਕੰਮ ਤੇ ਲਾਏ ਗਏ



# ਸੁਰੱਖਿਅਤ ਅਤੇ ਸਿਹਤਮੰਦ ਕਮਿਊਨਿਟੀ ਬਨਾਉਣ ਲਈ ਭਾਈਵਾਲੀ

ਐਬਟਸਫੋਰਡ ਪੁਲਿਸ ਵਿਭਾਗ ਆਪਣੀ ਕਮਿਓਨਿਟੀ ਦੀ ਸੁਰੱਖਿਆ ਲਈ ਵਚਨਬੱਧ ਹੁੰਦਾ ਹੋਇਆ ਕਈ ਸਾਰੇ ਉਪਰਾਲੇ ਕਰਨਾ ਜਾਰੀ ਰਖਦਾ ਹੈ।ਕਮਿਓਨਿਟੀ ਨਾਲ ਭਰੋਸੇਮੰਦ ਅਤੇ ਭਾਈਵਾਲੇ ਸਬੰਧ ਬਨਾਉਣ ਅਤੇ ਕਮਿਓਨਿਟੀ ਨਾਲ ਜੁੜੇ ਰਹਿਣ ਲਈ ਯਤਨ ਜਾਰੀ ਰਖਦਾ ਹੈ।



## ਇਕੱਠੇ ਹੋ ਕੇ ਕੈਨੋ ਸਫਰ

ਡਿਪਟੀ ਮੁਖੀ ਮਾਈਕ ਸਰ ਵੱਲੋਂ ਸੰਦੇਸ਼:
ਸਾਡੀ ਸਟੋਲੋ ਪਾਥ ਕੈਨੋ ਪਰਿਵਾਰ ਲਈ ਇਕੱਠਿਆਂ ਸਫਰ
ਹੈਰਾਨੀਜਨਕ ਤਜ਼ਰਬਾ ਸੀ। ਮੂਲਵਾਸੀ ਜਵਾਨ ਪੁਲਿਸ ਅਤੇ ਜਵਾਨ ਵਰਕਰ ਇੱਕਠੇ ਹੋ ਕੇ ਇਕ ਦੂਜੇ ਤੋਂ ਸਿਖਦੇ ਹੋਏ ਇਸ ਸਫਰ ਨੂੰ ਪੂਰਾ ਕਰਨ ਦਾ ਯਤਨ ਕਰਦੇ ਹਨ। ਸਾਨੂੰ ਰਵਾਇਤੀ ਇਲਾਕਿਆਂ ਵਿਚ ਜੀ ਆਇਆਂ ਕਹਿਣ ਲਈ ਮੇਜ਼ਬਾਨ ਕੌਮਾਂ ਦਾ ਧੰਨਵਾਦ।



## ਜਾਮਨੀ ਬੱਤੀਆਂ

ਸਾਰਾ ਅਕਤੂਬਰ ਐਬਟਸਫੋਰਡ
ਸਾਲਾਨਾ ਜਾਮਨੀ ਬੱਤੀਆਂ ਦੀ ਮੁਹਿੰਮ ਜਾਰੀ ਰੱਖਦਾ ਹੈ। ਜੋ ਏਕਤਾ ਦਾ ਚਿੰਨ੍ਹ ਹੈ ਅਤੇ ਘਰੇਲੂ ਹਿੰਸਾ ਵਿਰੁੱਧ ਸਹਾਇਤਾ ਹੈ। 2017 ਵਿਚ ਕਮਿਊਨਿਟੀ ਨੇ ਨਿਰਾਸ਼ ਨਹੀਂ ਕੀਤਾ; ਡਾਊਨਟਾਉਨ ਐਬਟਸਫੋਰਡ ਵਿਚ ਇਕੱਠੇ ਹੋ ਕੇ ਭਾਗ ਲੈ ਰਹੇ ਵਪਾਰਾਂ,ਕਮਿਓਨਿਟੀ ਸਰਕਾਰੀ ਭਾਗੀਦਾਰਾਂ ਅਤੇ ਅਫਸਰਾਂ ਵਿਚ ਇਹ ਮੁਹਿੰਮ ਚਲਾਈ।
ਆਸ ਹੈ ਕਿ ਆਉਣ ਵਾਲਾ ਸਾਲ 2018 ਜਾਗ੍ਰਤਿਾ ਲਿਆਉਣ ਪੱਖੋਂ ਰੌਸ਼ਨ ਰਹੇਗਾ । ਬੱਤੀਆਂ ਜਗਾ ਕੇ,ਰੌਸ਼ਨੀ ਦੇ ਸਮਾਗਮਾਂ ਵਿਚ ਸ਼ਾਮਲ ਹੋ ਕੇ,ਕਲਾ ਮੁਕਾਬਲਿਆਂ ਵਿਚ ਭਾਗ ਲੈ ਕੇ,ਸੋਸ਼ਲ ਮੀਡੀਆ ਵਿਚ ਆ ਸਭ ਨੂੰ ਬਹੁਤ ਸਾਰੇ ਮੌਕੇ ਮਿਲਣਗੇ। ਨਾਅਰਾ ਹੈ," ਹੋਰ ਰੋਸ਼ਨੀ ਕਰੋ"ਅਸੀਂ ਐਬਟਸਫੋਰਡ ਕਮਿਓਨਿਟੀ ਨੂੰ ਇੰਜ ਕਰਨ ਲਈ ਆਖਾਂਗੇ।






## ਹੱਦਾਂ ਰਹਿਤ ਸ਼ੁੱਭ ਕਾਮਨਾਵਾਂ

Abbotsford Police Department
ਵਿਚ ਭਾਗ ਲੈ ਕੇ ਲੋੜਵੰਦ ਬੱਚਿਆਂ ਵਿਚ ਵੱਡਾ ਬਦਲ ਲਿਆਉਂਦਾ ਹੈ।



## ਜੂਨੀਅਰ ਪੁਲਿਸ ਅਕੈਡਮੀ

ਐਬਟਸਫੋਰਡ ਦੇ ਕਈ ਸਕੂਲਾਂ ਦੇ 11 ਅਤੇ 12 ਗ੍ਰੇਡ ਦੇ ਵਿਦਿਆਰਥੀ ਸਪਰਿੰਗ ਬਰੇਕ ਵਿਚ ਇਹ ਸਿੱਖ਼ਦੇ ਹਨ ਕਿ ਪੁਲਿਸ ਬਣਨ ਦਾ ਕੀ ਅਰਥ ਹੈ? ਇਸ ਪ੍ਰੋਗਰਾਮ ਵਿਚ ਭਾਗ ਲੈਣ ਲਈ 60 ਬਿਨੇਕਾਰ ਵਿਦਿਆਰਥੀਆਂ ਵਿਚੋਂ ਧਿਆਨ ਨਾਲ ਵਿਦਿਆਰਥੀ ਚੁਣੇ ਗਏ।

ਜਿਹੜੀ ਕਿ ਮੁੱਢਲੇ ਕਾਨੂੰਨ, ਪੁਲਿਸ ਕੰਟਰੋਲ ਦੇ ਦਾਅ-ਪੇਚ ਸਵੈ-ਸੁਰੱਖਿਆ ਸਿਖਾਉਂਦੀ ਹੈ- ਅਤੇ ਇੱਥੋਂ ਤੱਕ ਕਿ ਇਕ ਦਿਨ ਫਾਇਰ-ਆਰਮ ਰੇਂਜ ਤੇ ਲਿਜਾਂਦੀ ਹੈ। ਇਕ ਹਫਤੇ ਲੰਬੇ ਪ੍ਰੋਗਰਾਮ ਦੌਰਾਨ ਵਿਦਿਆਰਥੀ ਸਨੀਰਿਓ ਬੇਸਿਡ ਟਰੇਨਿੰਗ ਦੌਰਾਨ ਜੋ ਸਿੱਖਿਆ ਹਾਸਲ ਕਰਦੇ ਹਨ, ਉਸ ਨੂੰ ਅਪਨਾਉਂਦੇ ਹਨ ਅਤੇ ਇਸ ਵਿਚ ਉਨ੍ਹਾਂ ਲਈ ਇਕ ਚੁਣੌਤੀ ਹੁੰਦੀ ਹੈ ਕਿ ਪੁਲਿਸ ਅਫਸਰ ਸਮੱਸਿਆਵਾਂ ਨੂੰ ਕਿਵੇਂ ਹੱਲ ਕਰਦੇ ਹਨ?









## ਬਾਸਕਟਬਾਲ ਟੂਰਨਾਮੈਂਟ

ਇਹ ਬੇਹੱਦ ਮਸ਼ਹੂਰ ਟੂਰਨਾਮੈਂਟ ਦਸੰਬਰ 13 ਦੇ ਪੂਰੇ ਹਫਤੇ ਦੌਰਾਨ ਹੁੰਦਾ ਹੈ। ਇਹ ਟੂਰਨਾਮੈਂਟ ਸਾਡੀ ਕਮਿਓਨਿਟੀ ਲਈ ਇਕ ਮੌਕਾ ਹੁੰਦਾ ਹੈ ਉਹਨਾਂ ਨੌਜਵਾਨਾਂ ਦੀ ਸਹਾਇਤਾ ਕਰਨ ਦਾ, ਜਿਹਨਾਂ ਦੀ ਵਡੇਰੀ ਇੱਛਾ ਹੈ ਅਤੇ ਜਿਹੜੇ ਉੱਚ ਪੱਧਰ ਦੇ ਇਸ ਟੂਰਨਾਮੈਂਟ ਦੇ ਸੱਤਵੇਂ ਸਾਲ ਵਿਚ ਖੇਡ੍ਹ ਰਹੇ ਹਨ, 100 ਖੇਡ੍ਹਾਂ ਵਿਚ 60 ਟੀਮਾਂ ਅਤੇ 900 ਤੋਂ ਵੱਧ ਅਥਲੀਟ ਸ਼ਹਿਰ ਵਿਆਪੀ ਬਹਾਦਰੀ ਦੇ ਹੱਕ ਨੂੰ ਮੁਕੰਮਲ ਕਰਨਗੇ। ਗਰੇਡ 8 ਤੋਂ ਲੈ ਕੇ ਸੀਨੀਅਰ ਪੱਧਰ ਦੇ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਇਸ ਵਿਚ ਭਾਗ ਲੈਣਗੀਆਂ। ਅਸੀਂ ਕਮਿਊਨਿਟੀ ਦੇ ਹਰ ਬਸ਼ਿੰਦੇ ਦਾ ਸਵਾਗਤ ਕਰਾਂਗੇ ਜੋ ਇਹਨਾਂ ਨੌਜਵਾਨਾਂ ਦੀ ਸਹਾਇਤਾ ਲਈ ਅੱਗੇ ਆਵੇਗਾ ਅਤੇ ਮੁਕਾਬਲੇ ਦੀ ਭਾਵਨਾ ਨਾਲ ਖੇਡ੍ਹੀਆਂ ਜਾ ਰਹੀਆਂ ਇਹਨਾਂ ਖੇਡ੍ਹਾਂ ਦਾ ਆਨੰਦ ਮਾਣੇਗਾ।

## ਸੈਂਟਰਲ ਐਬਟਸਫੋਰਡ ਸਕੂਲ ਦਾ ਆਲ ਸਟਾਰ ਪੁਲਿਸ ਕੈਂਪ

ਸ਼ਹਿਰ ਦੇ ਸਕੂਲਾਂ ਵਿੱਚੋਂ 30 ਨੌਜਵਾਨ ਇਕ ਹਫਤਾ ਐਬਟਸਫੋਰਡ ਪੁਲਿਸ ਵਿਭਾਗ ਵਿਚ ਬਿਤਾਉਂਦੇ ਹਨ, ਉਹ ਪੁਲਿਸ ਦੀ ਕਈ ਤਰ੍ਹਾ ਦੀ ਸਿੱਖਿਆ ਹਾਸਲ ਕਰਕੇ ਕਮਿਊਨਿਟੀ ਦੇ ਬੱਚਿਆਂ ਨਾਲ ਆਪਣੇ ਸਬੰਧ ਬਣਾਉਂਦੇ ਹਨ- ਜਿਹਨਾਂ ਵਿਚ ਕੇ.9, ਫੌਰੈਂਸਿਕਸ, ਪਟਰੋਲ, ਬਾਈਕ ਸੁਰੱਖਿਆ, ਪੈਦਲ ਚੱਲਣ ਵਾਲਿਆਂ ਦੀ ਸੁਰੱਖਿਆ, ਪੀਅਰ ਪ੍ਰੈਸ਼ਰ ਸ਼ਾਮਲ ਹਨ। ਸਬੰਧ ਬਣਾਉਣ ਅਤੇ ਸਿੱਖਣ ਲਈ ਇਹ ਇਕ ਵਧੀਆ ਹਫਤਾ ਹੁੰਦਾ ਹੈ।




## ਲਾਅ ਇਨਫੋਰਸਮੈਂਟ ਟੌਰਚ ਰਨ

ਇਹ ਈਵੈਂਟ ਸਪੈਸ਼ਲ ਉਲੰਪਿਕਸ ਬੀ.ਸੀ. ਲਈ ਫੰਡ ਰੇਜ਼ ਕਰਨ ਅਤੇ ਜਾਗਰੂਕਤਾ ਪੈਦਾ ਕਰਨ ਲਈ ਸਹਾਇਤਾ ਕਰਦਾ ਹੈ ਅਤੇ ਆਦਰ ਸਤਿਕਾਰ ਕਰਨ ਦੇ ਸੁਨੇਹੇ ਨੂੰ ਅੱਗੇ ਵਧਾਉਂਦਾ ਹੈ, ਵਿਸ਼ੇਸ਼ ਕਰਕੇ ਮੰਦਬੁੱਧੀ ਵਿਅਕਤੀਆਂ ਲਈ।



# ਬੀ ਸੀ ਦੇ ਬਹੁਤ ਸਾਰੇ ਹੋਰ ਸ਼ਹਿਰਾਂ ਵਾਂਗ ਐਬਟਸਫੋਰਡ 2017 ਦੇ ਨਸ਼ਿਆਂ ਦੇ ਸੰਕਟ ਨਾਲ ਬਹੁਤ ਪ੍ਰਭਾਵਿਤ ਹੋਇਆ

ਦੁੱਖ ਦੀ ਗੱਲ ਹੈ ਕਿ 2016 ਦੌਰਾਨ ਬੀ ਸੀ ਦੇ 1449 ਵਿਅਕਤੀਆਂ ਦੀ ਮੌਤ ਓਵਰਡੋਜ਼ ਕਰਕੇ ਹੋਈ ; ਅਤੇ ਐਬਟਸਫੋਰਡ ਵਿਚ 39 ਵਿਅਕਤੀ ਓਵਰਡੋਜ਼ ਨਾਲ ਮਰੇ ਅਤੇ ਇਹ ਗਿਣਤੀ 2017 ਵਿਚ 50 ਹੋ ਗਈ ਜੋ 78% ਵੱਧ ਸੀ। ਇਸ ਸੰਕਟ ਨਾਲ ਕਮਿਉਨਿਟੀ ਦੇ ਹਰ ਵਰਗ ਦੇ ਵਿਅਕਤੀ ਸ਼ਾਮਲ ਸਨ ਜਿਨ੍ਹਾ ਵਿਚ ਜਵਾਨ, ਚਿਰ ਦੇ ਬੀਮਾਰ,ਅਤੇ ਚਿਰ ਤੋਂ ਨਸ਼ੇ ਵਿਚ ਫਸੇ ਵਿਅਕਤੀ ਸ਼ਾਮਲ ਸਨ। ਇਸ ਸੰਕਟ ਨਾਲ ਪ੍ਰਭਾਵਿਤ ਹੋਣ ਵਾਲਿਆਂ ਵਿਚ ਸਿਹਤ ਸੇਵਾ ਕਰਨ ਵਾਲੇ ਅਤੇ ਸਭ ਤੋਂ ਪਹਿਲਾਂ ਰਿਸਪਾਂਡ ਕਰਨ ਵਾਲੇ ਵੀ ਸ਼ਾਮਲ ਸਨ। ਓਵਰਡੋਜ਼ ਕਾਲਾਂ ਅਤੇ ਪਰਿਵਾਰਾਂ ਨੂੰ ਇਹ ਦੱਸਣਾ ਕਿ ਉਨ੍ਹਾਂ ਦੇ ਪਿਆਰਿਆਂ ਨੂੰ ਬਚਾਇਆ ਨਹੀਂ ਜਾ ਸਕਦਾ, ਬਹੁਤ ਔਖਾ ਕੰਮ ਸੀ। ਓਵਰਡੋਜ਼ ਸੰਕਟ ਨੂੰ ਦਬਾਉਣ ਅਤੇ ਕੌਮੀ, ਸੂਬਾਈ ਅਤੇ ਮਿਉਨਿਸਪਲ ਪੱਧਰ 'ਤੇ ਨਵੇਂ ਢੰਗ ਲੱਭਣ ਲਈ ਅ ਪ ਵਿ ਸਰਗਰਮ ਹੈ। 1990 ਦੇ ਅਰੰਭ ਵਿਚ ਰੋਕਥਾਮ, ਦੁੱਖ-ਦਰਦ ਘੱਟ ਕਰਨ ਇਲਾਜ ਅਤੇ ਐਨਫੋਰਸਮੈਂਟ ਚਾਰ ਥੰਮਾਂ ਦੀ ਪਹਿਚਾਣ ਕੀਤੀ ਗਈ ਅਤੇ ਹੁਣ ਵੀ ਸਾਡੀਆਂ ਮੁਖ ਜੁਗਤੀਆਂ ਵਿੱਚ ਇਹ ਥੰਮ ਸ਼ਾਮਲ ਹਨ ।




## ਮੁਖ ਉਪਰਾਲੇ

ਅ ਪ ਵਿ ਨੇ 2016 ਵਿਚ ਐਬਟਸਫੋਰਡ ਓਪੀਆਡ ਵਰਕਿੰਗ ਗਰੁੱਪ ਸ਼ੁਰੂ ਕੀਤਾ। ਇਹ ਗਰੁੱਪ ਹਰ ਤਿੰਨੀਂ ਮਹੀਨੀਂ ਐਬਟਸਫੋਰਡ ਵਿਚ ਓਵਰਡੋਜ਼ ਦੀਆਂ ਮੌਤਾਂ ਲਈ ਨਵੇਂ ਢੰਗ ਲਭਦਾ ਹੈ।

1 ਫਰਵਰੀ, 2018 ਨੂੰ ਮਾਨਸਿਕ ਸਿਹਤ ਅਤੇ ਨਸ਼ਾ ਮੰਤਰੀ ਜੂਡੀ ਡਰਸੀ ਨੇ ਇਸ ਗਰੁੱਪ ਨੂੰ ਇਸ ਦੇ ਕੰਮਾਂ ਲਈ ਮਾਨਤਾ ਦਿੱਤੀ ਅਤੇ ਕਮਿਉਨਿਟੀ ਐਕਸ਼ਨ ਟੀਮ ਦੇ ਕਦਮਾਂ ਲਈ ਸਮਰਪਿਤ ਫੰਡ ਪ੍ਰਾਪਤ ਕਰਨ ਲਈ ਨਾਮਜ਼ਦ ਕੀਤਾ।

1 ਫਰਵਰੀ, 2018 ਨੂੰ ਮਾਨਸਿਕ ਓ ਪ ਵਿ ਦੇ ਪਹਿਲੀ ਕਤਾਰ ਦੇ ਅਫਸਰਾਂ ਨੂੰ ਨੈਲੋਕਸੋਨ ਦਿੱਤੀ ਗਈ। ਜੀਵਨ ਦਾਨ ਦੇਣ ਵਾਲੀ ਇਹ ਦਵਾਈ ਓਵਰਡੋਜ਼ ਦੇ ਅਸਰ ਨੂੰ ਨਸ਼ਟ ਕਰਦੀ ਹੈ ਅਤੇ 2017 ਵਿਚ ਅਪ ਵਿ ਨੇ ਇਹ ਦਵਾਈ ਓਵਰਡੋਜ਼ ਵਾਲੇ ਵਿਅਕਤੀਆਂ ਨੂੰ 19 ਵਾਰ ਦਿੱਤੀ।

2017 ਵਿਚ ਮੁਖੀ ਰੌਬ ਰਿਚ ਨੇ, ਨਸ਼ਾ ਸੰਕਟ: ਰੋਕਥਾਮ ਦੇ ਉਪਰਾਲੇ ਨਾਮੀ ਲਿਖਤ ਲਿਖੀ। ਇਸ ਲਿਖਤ ਵਿਚ ਡਰੱਗ ਵਰਤੋਂ,ਅਮਲ,ਰੀਕਵਰੀ ਅਤੇ ਰੋਕ ਲਈ ਹੋਰ ਸਰੋਤਾਂ ਦੇ ਵੇਰਵੇ ਦਿੱਤੇ ਗਏ ਹਨ। ਇਸ ਲਿਖਤ ਦਾ ਖੁੱਲ੍ਹ ਕੇ ਪਸਾਰ ਹੋਇਆ ਹੈ ਅਤੇ ਬੁਨਿਆਦ ਬਨਾਉਣ ਲਈ ਚਰਚਾ ਛਿੜੀ ਹੈ।

ਡਿਪਟੀ ਮੁਖੀ ਸਰ ਕੈਨੇਡੀਅਨ ਪੁਲਿਸ ਡਰਗ ਐਡਵਾਜ਼ਰੀ ਕਮੇਟੀ ਦੇ ਪ੍ਰਧਾਨ ਹਨ। ਇਸ ਭੂਮਿਕਾ ਵਿਚ ਉਨ੍ਹਾਂ ਨੇ ਕੌਮੀ ਅਤੇ ਸੂਬਾਈ ਪੱਧਰ 'ਤੇ ਗੱਲ ਕੀਤੀ ਹੈ ਅਤੇ ਨਵੀਆਂ ਪਹੁੰਚਾਂ ਅਤੇ ਚੰਗੇਰੇ ਤਾਲਮੇਲ ਦੀ ਲੋੜ ਜਤਾਈ ਹੈ।

ਓ ਪ ਵਿ ਡਰੱਗ ਐਨਫੋਰਸਮੈਂਟ ਇਕਾਈ ਨੇ ਫੈਂਟਾਨਿਲ ਲਿਆਉਣ ਵਾਲਿਆਂ ਅਤੇ ਵੇਚਣ ਵਾਲਿਆਂ ਦੀ ਜਾਂਚ ਦੀ ਪਹਿਲ ਕੀਤੀ ਹੈ। 2017 ਵਿਚ ਬਹੁਤ ਸਾਰੀਆਂ ਮਹੱਤਵਪੂਰਨ ਗ੍ਰਿਫਤਾਰੀਆਂ ਹੋਈਆਂ ਅਤੇ ਜ਼ਬਤਗੀਆਂ ਹੋਈਆਂ

## ਤੇਜ਼ ਤੱਥ

ਫੈਂਟਾਨਿਲ ਇਕ ਨਸ਼ਾ ਹੈ ਡਾਕਟਰੀ ਦੇਖ-ਰੇਖ ਵਿਚ ਦਰਦ ਨਿਵਾਰਨ ਲਈ ਵਰਤਿਆ ਜਾਂਦਾ ਹੈ।ਕਿਉਂ ਕਿ ਇਹ ਹੀਰੋਇਨ ਦਾ ਸਿੰਥੈਟਿਕ ਹੈ, ਇਸ ਕਰਕੇ ਗੈਰਕਾਨੂੰਨੀ ਡਰੱਗ ਵਜੋਂ ਇਸ ਦੀ ਬਹੁਤ ਮੰਗ ਹੈ।

- ਬੀ ਸੀ ਵਿਚ 2017 ਦੌਰਾਨ ਹਰ ਦਿਨ ਓਵਰਡੋਜ਼ ਨਾਲ 4 ਮੌਤਾਂ ਹੁੰਦੀਆਂ ਰਹੀਆਂ।
- 82% ਮਰਦ ਸਨ
- ਇੰਨ੍ਹਾਂ ਵਿਚੋਂ 27 % 30-39 ਸਾਲ ਦੇ ਸਨ
- 23% 40-49 ਸਾਲ ਦੇ
- ਇਨ੍ਹਾ ਵਿਚੋਂ ਬਹੁਤੀਆਂ ਮੌਤਾਂ ਹਫਤੇ ਦੇ ਅੰਤ ਵਿਚ ਹੋਈਆਂ
- ਕੇਵਲ 11.6% ਓਵਰਡੋਜ਼ ਮੌਤਾਂ ਬਾਹਰ ਹੁੰਦੀਆਂ ਹਨ ਅਤੇ ਲਗਭਗ 60% ਪ੍ਰਾਈਵੇਟ ਰਿਹਾਇਸ਼ਾਂ ਵਿਚ ਹੋਈਆਂ
- ਫੈਂਟਾਨਿਲ ਅਤੇ ਇਸ ਦੇ ਨਾਲ ਮਿਲਦੇ ਜੁਲਦੇ ਨਸ਼ੇ ਗਲੀਆਂ ਵਿਚ ਮਿਲ ਰਹੇ ਹਨ। ਅਪਰਾਧੀ ਆਪਣੇ ਨਫੇ ਵਧਾਉਣ ਲਈ ਫੈਂਟਾਨਿਲ ਵੇਚਦੇ ਹਨ।
- ਸਾਰੇ ਘਾਤਕ ਕੇਸਾਂ ਵਿਚੋਂ 73.5% ਫੈਂਟਾਨਿਲ ਹੀ ਪਾਈ ਗਈ।
- ਸਾਨੂੰ ਸੁੱਖੇ ਵਿਚ ਫੈਂਟਾਨਿਲ ਹੋਣ ਦੀ ਕੋਈ ਖਬਰ ਨਹੀਂ ਮਿਲੀ।
- ਜੇ ਤੁਹਾਨੂੰ ਲੋੜ ਹੋਵੇ ਜਾਂ ਤੁਹਾਡੇ ਕਿਸੇ ਜਾਣੂ ਨੂੰ ਤਾਂ ਤੁਸੀਂ **Fraser Valley Health Crisis Line** ਨਾਲ 1-877-820-7444 'ਤੇ ਸੰਪਰਕ ਕਰ ਸਕਦੇ ਹੋ।

*Source: BC Coroners service re stats*

## ਡਰੱਗ ਐਨਫੋਰਸਮੈਂਟ ਯੂਨਿਟ

| | 2016 | 2017 |
|---|---|---|
| ਗ੍ਰਿਫਤਾਰੀਆਂ | 22 | 35 |
| ਸਰਚ ਵਾਰੰਟ ਲਾਗੂ | 16 | 14 |
| ਜ਼ਬਤ ਕੀਤਾ ਅਸਲਾ | 27 | 3 |
| ਜ਼ਬਤ ਕੀਤੀ ਕੋਕੇਨ | 339 ਗ੍ਰਾਮ | 777 ਗ੍ਰਾਮ |
| ਜ਼ਬਤ ਕੀਤੀ ਹੀਰਾਇਨ/ਫੈਂਟਾਨਿਲ | 173 ਗ੍ਰਾਮ | 528 ਗ੍ਰਾਮ |
| ਮੈਥਾਇਮਫੈਨਟਾਮਾਈਨ ਬਰਾਮਦ ਕੀਤੀ | 94 ਗ੍ਰਾਮ | 897 ਗ੍ਰਾਮ |





ਸਾਡੀਆਂ ਚਾਰ ਕੇਂਦਰੀ ਮਹੱਤਵਾਂ ਵਿਚੋਂ ਇਕ ਲੋਕ ਸੇਵਾ ਹੈ। ਆਖਰ ਲੋਕ ਸੇਵਾ ਦਾ ਅਰਥ ਹੈ ਸਮਾਂ ਆਉਣ ‘ਤੇ ਕਮਿਊਨਿਟੀ ਲਈ ਸਭ ਕੁਝ ਵਾਰ ਦੇਣਾ। ਅਸੀਂ ਐਬਟਸਫੋਰਡ ਦੇ ਦੋ ਸੂਰਮਿਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ ਜਿਨ੍ਹਾਂ ਨੇ ਡਿਊਟੀ ਨਿਭਾਉਂਦਿਆਂ ਅੰਤਮ ਕੀਮਤ ਚੁਕਾਈ। ਦੋਨੋਂ ਅਫਸਰ ਉਸ ਹਰ ਚੀਜ਼ ਦੇ ਪ੍ਰਤੀਕ ਹਨ ਜਿਸ ਵਾਸਤੇ ਅਸੀਂ ਡਟੇ ਹਾਂ। ਅਸੀਂ ਉਨ੍ਹਾ ਨੂੰ ਭੁੱਲਾਂਗੇ ਨਹੀਂ। ਅਸੀਂ ਲੋੜ ਪੈਣ ‘ਤੇ ਤਿਆਰ ਰਹਾਂਗੇ ਅਤੇ ਉਨ੍ਹਾ ਦਾ ਸਨਮਾਨ ਕਰਨਾ ਨਹੀਂ ਭੁੱਲਾਂਗੇ ।

ਮੁਖੀ ਬੌਬ ਰਿੱਚ

# ਕਾਂਸਟੇਬਲ ਜੌਨ ਗੋਇਰ

ਕਾਂਸਟੇਬਲ ਜੌਨ ਡੇਵਿਡ ਗੋਇਰ 26 ਸਤੰਬਰ, 2001 ਨੂੰ ਉਦੋਂ ਜ਼ਖਮੀ ਹੋਇਆ ਜਦੋਂ ਉਹ ਇਕ ਔਰਤ ਦੀ ਸ਼ਕਾਇਤ ਦੀ ਪੜਤਾਲ ਕਰ ਰਿਹਾ ਸੀ ਕਿ ਇਕ ਆਦਮੀ ਨੇ ਉਸ ਨੂੰ ਮਾਰਨ ਦੀ ਧਮਕੀ ਦਿੱਤੀ ਹੈ ਤੇ ਉਸ ਨੇ ਉਸ ਆਦਮੀ ਨਾਲੋਂ ਸਬੰਧ ਤੋੜ ਲਏ। ਜਦੋਂ ਗੋਇਰ ਅਤੇ ਉਸ ਦੇ ਸਾਥੀ ਨੇ ਉਸ ਆਦਮੀ ਨੂੰ ਗ੍ਰਿਫਤਾਰ ਕਰਨ ਦਾ ਯਤਨ ਕੀਤਾ ਤਾਂ ਉਹ ਗੁੱਸੇ ਵਿਚ ਆ ਗਿਆ ਅਤੇ ਹਿੰਸਕ ਹੋ ਗਿਆ। ਲੰਮੇ ਸੰਘਰਸ਼ ਮਗਰੋਂ ਸ਼ੱਕੀ ਨੂੰ ਕਾਬੂ ਕੀਤਾ ਗਿਆ ਅਤੇ ਹੱਥਕੜੀ ਲਗਾਈ ਗਈ। ਪਰ ਇਉਂ ਕਰਨ ਤੋਂ ਪਹਿਲਾਂ ਗੋਇਰ ਦੇ ਸਿਰ,ਗਰਦਨ,ਖੱਬੇ ਮੋਢੇ,ਅਤੇ ਖੱਬੇ ਗੋਡੇ ‘ਤੇ ਸੱਟਾਂ ਲੱਗ ਗਈਆਂ ਸਨ। ਗੋਇਰ ਕੰਮ ‘ਤੇ ਵਾਪਸ ਨਾ ਆਇਆ ; ਅਸਲ ਵਿਚ ਅਗਲੇ ਕੁਝ ਹਫਤਿਆਂ ਵਿਚ ਉਸ ਦੀ ਹਾਲਤ ਬਿਗੜਦੀ ਗਈ। 7 ਦਸੰਬਰ, 2001 ਨੂੰ ਨਸ-ਤੰਤਰ ਵਿਗਿਆਨੀ ਅਤੇ **Amyotrophic lAterAl sclerosis** ਸਪੈਸ਼ਲਿਸਟ ਡਾ: ਈਸਨ ਨੇ ਦੱਸਿਆ ਕਿ ਗੋਇਰ ALS ਨਾਲ ਪੀੜਤ ਹੈ। ਉਸ ਨੇ ਇਹ ਵੀ ਦੱਸਿਆ ਕਿ ਏ ਐਲ ਐਸ ਦੀ ਬੀਮਾਰੀ ਉਸ ਨੂੰ ਗ੍ਰਿਫਤਾਰੀ ਸਮੇਂ ਵੱਜੀਆਂ ਸੱਟਾਂ ਕਰਕੇ ਹੋਈ ਹੈ। ਗੋਇਰ ਇਸ ਬੀਮਾਰੀ ਨਾਲ 19 ਅਪ੍ਰੈਲ, 2006 ਨੂੰ ਚਲਾਣਾ ਕਰ ਗਿਆ।

# ਕਾਂਸਟੇਬਲ ਜੌਨ ਡੇਵਿਡਸਨ

4 ਦਸੰਬਰ, 2017 ਨੂੰ ਇਕ ਸ਼ੱਕੀ ਆਦਮੀ ਫਰੇਜ਼ਰ ਵੈਲੀ ਆਟੋਮਾਲ ਵਿਚ ਇਕ ਕਾਰ ਡੀਲਰ ਕੋਲ ਗਿਆ ਜਿੱਥੇ ਉਸ ਨੇ ਵਿਕਰੀਕਰਨ ਵਾਲੇ ਇਕ ਆਦਮੀ ਨਾਲ ਫੋਰਡ ਮੁਸਤਾਂਗ ਕਾਰ ਟੈਸਟ ਡ੍ਰਾਈਵ ਵਾਸਤੇ ਲਿਜਾਣ ਦੀ ਗੱਲ ਕਰ ਲਈ। ਜਦੋਂ ਵਿਕਰੀ ਵਾਲਾ ਆਦਮੀ ਕਾਰ ਨਾਲ ਪਲੇਟ ਲਗਾ ਰਿਹਾ ਸੀ ਤਾਂ ਉਹ ਸ਼ੱਕੀ ਆਦਮੀ ਕਾਰ ਲੈ ਕੇ ਭੱਜ ਗਿਆ। ਇਸ ਚੋਰੀ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ ਤਾਂ ਕਾਂਸਟੇਬਲ ਜੌਨ ਡੇਵਿਡਸਨ ਨੂੰ ਇਸਦੀ ਜਾਂਚ ਕਰਨ ਦਾ ਕੰਮ ਸੌਂਪਿਆ ਗਿਆ।

6 ਨਵੰਬਰ,2017 ਸੋਮਵਾਰ ਨੂੰ ਫੋਰਡ ਡੀਲਰਸ਼ਿਪ ਦੇ ਇਕ ਕਰਮੀ ਨੇ ਚੋਰੀ ਕੀਤੀ ਮੁਸਤਾਂਗ ਕਾਰ ਫ੍ਰੇਜ਼ਰ ਵੈਲੀ ਆਟੋਮਾਲ ਦੇ ਨਾਲ ਲਗਦੀ ਛੋਟੀ ਦੁਕਾਨ ‘ਤੇ ਸੁੰਨੀ ਅਤੇ ਖਾਲੀ ਖੜ੍ਹੀ ਵੇਖੀ ਅਤੇ ਇਸ ਦੀ ਸੂਚਨਾ ਡੀਲਰਸ਼ਿਪ ਨੂੰ ਦੇ ਦਿੱਤੀ। ਡੀਲਰਸ਼ਿਪ ਦੇ ਕਰਮਚਾਰੀਆਂ ਨੇ ਚੋਰੀ ਹੋਈ ਮੁਸਤਾਂਗ ਨੂੰ ਇਕ ਪਿੱਕਅੱਪ ਟ੍ਰੱਕ ਨਾਲ ਬਲਾਕ ਕਰ ਲਿਆ। ਉਂਨ੍ਹਾਂ ਨੇ ਪੁਲਿਸ ਬੁਲਾਈ ਅਤੇ ਨੇੜ ਦੇ ਰੈਸਟੋਰੈਂਟ ਵਿਚ ਚਲੇ ਗਏ ਅਤੇ ਉਡੀਕ ਕਰਨ ਲੱਗੇ।

ਥੋੜਾ ਚਿਰ ਮਗਰੋਂ ਇਕ ਮਰਦ ਚੋਰੀ ਕੀਤੀ ਮੁਸਤਾਂਗ ਕੋਲ ਆਇਆ ਅਤੇ ਡੀਲਰਸ਼ਿਪ ਐਂਪਲਾਈਜ਼ ਨੇ ਉਸ ਦਾ ਸਾਹਮਣਾ ਕੀਤਾ। ਉਹ ਮਰਦ ਗੁੱਸੇ ਵਿਚ ਆ ਗਿਆ; ਮੁਸਾਫਰ ਵਾਲੇ ਡੋਰ ਕੋਲ ਪਹੁੰਚਿਆ ਅਤੇ ਇਕ ਰਾਈਫਲ ਕੱਢ ਲਈ। ਉਹ ਸ਼ੱਕੀ ਗੋਲੀਆਂ ਚਲਾਉਣ ਲੱਗਾ ਪਿੱਕਅੱਪ ਟ੍ਰੱਕ ਨੂੰ ਨਿਸ਼ਾਨਾ ਬਣਾਇਆ; ਹਰ ਇਕ ਨੂੰ ਬਚਾਉ ਵਾਸਤੇ ਇਧਰ ਉਧਰ ਦੌੜਨਾ ਪਿਆ। ਪੁਲਿਸ ਨੂੰ ਤੁਰੰਤ ਗੋਲੀਆਂ ਚੱਲਣ ਬਾਰੇ ਕਾਲਾਂ ਆਉਣ ਲੱਗੀਆਂ।

ਸ਼ੱਕੀ ਆਦਮੀ ਚੋਰੀ ਕੀਤੀ ਮੁਸਤਾਂਗ ਵਿਚ ਬੈਠ ਕੇ ਪਾਰਕਿੰਗਸਟਾਲ ‘ਚਂ ਨਿਕਲ ਕੇ ਸਟਰਿਪ ਮਾਲ ਤੋਂ ਬਾਹਰ ਚਲਾ ਗਿਆ। ਪੁਲਿਸ ਤੋਂ ਬਚਣ ਲਈ ਉਸ ਥਾਂ ਤੋਂ ਖਿਸਕਣ ਦੀ ਥਾਂ ਕੁਝ ਚਿਰ ਮਗਰੋਂ ਸਟਰਿਪ ਮਾਲ ਵਾਪਸ ਆ ਗਿਆ ਅਤੇ ਕਾਂਸਟੇਬ ਜੌਨ ਡੇਵਿਡਸਨ ਮੌਕੇ ‘ਤੇ ਪਹੁੰਚ ਗਿਆ। ਕਾਂਸਟੇਬਲ ਜੌਨ ਡੇਵਿਡਸਨ ਸਟਰਿਪ ਮਾਲ ਵਿਚ ਵੜਿਆ ਅਤੇ ਉਸ ਨੇ ਆਪਣਾ ਵਹੀਕਲ ਖੜਾ ਕਰ ਦਿੱਤਾ। ਉਹ ਆਪਣੇ ਵਹੀਕਲ ਵਿਚੋਂ ਬਾਹਰ ਨਿਕਲਿਆ ਅਤੇ ਆਪਣਾ ਹਥਿਆਰ ਕੱਢ ਲਿਆ। ਸ਼ੱਕੀ ਨੇ ਕਾਂਸਟੇਬਲ ਡੇਵਿਡਸਨ ‘ਤੇ ਗੋਲੀ ਚਲਾ ਦਿੱਤੀ ਫਿਰ ਉਹ ਸ਼ੱਕੀ ਆਦਮੀ ਚੋਰੀ ਕੀਤੀ ਮੁਸਤਾਂਗ ਵਿਚ ਉਸ ਮਾਲ ਤੋਂ ਬਾਹਰ ਚਲਾ ਗਿਆ ਅਤੇ ਥੋੜੇ ਚਿਰ ਮਗਰੋਂ ਪੁਲਿਸ ਨੇ ਉਸ ਨੂੰ ਥੋੜੀ ਦੂਰ ‘ਤੇ ਲੋਕੇਟ ਕਰ ਲਿਆ। ਪੁਲਿਸ ਨੇ ਮੁਸਤਾਂਗ ਵਿਚ ਟੱਕਰ ਮਾਰੀ ਅਤੇ ਉਸ ਨੂੰ ਹਿਰਾਸਤ ਵਿਚ ਲੈ ਲਿਆ।

ਡਿਊਟੀ ਤੇ ਫਾਇਰ ਫਾਈਟਰ, ਪੁਲਿਸ,ਈ ਆਰ ਟੀ ਮੈਡਿਕਸ, ਫਾਇਰ ਰੈਸਕਿਊ ਅਤੇ ਐਂਬੂਲੈਂਸ ਵਾਲਿਆਂ ਦੇ ਡਾਕਟਰੀ ਸਹਾਇਤਾ ਦੇਣ ਦੇ ਬਾਵਜੂਦ ਕਾਂਸਟੇਬਲ ਜ਼ਖਮੀ ਹੋ ਕੇ ਦਮ ਤੋੜ ਗਿਆ। ਐਬਟਸਫੋਰਡ ਰੀਜਨਲ ਹਸਪਤਾਲ ਦੇ ਇਕ ਡਾਕਟਰ ਨੇ ਬਾਅਦ ਵਿਚ ਦੱਸਿਆ ਕਿ ਉਹ ਇੰਨ੍ਹਾਂ ਸੱਟਾਂ ਲੱਗਣ ਤੇ ਬਚ ਨਹੀਂ ਸਕਦਾ ਸੀ। ਕਾਂਸਟੇਬਲ ਜੌਨ ਡੇਵਿਡਸਨ 10 ਸਾਲ ਤੋਂ ਐਬਟਸਫੋਰਡ ਪੁਲਿਸ ਵਿਭਾਗ ਵਿਚ ਕੰਮ ਕਰ ਰਿਹਾ ਸੀ ਅਤੇ ਪਹਿਲਾਂ ਯੂ ਕੇ ਵਿਚ ਨਾਰਥੰਬਰੀਆ ਪੁਲਿਸ ਨਾਲ 12 ਸਾਲ ਰਿਹਾ ਸੀ। ਉਹ ਆਪਣੇ ਪਿੱਛੇ ਆਪਣੀ ਪੱਤਨੀ ਅਤੇ ਤਿੰਨ ਬੱਚੇ ਛੱਡ ਗਿਆ ਹੈ।

ਸਤੰਬਰ ਦਾ ਆਖਰੀ ਐਤਵਾਰ ਪੁਲਿਸ ਅਤੇ ਪੀਸ ਕੈਨੇਡੀਅਨ ਲੋਕਾਂ ਨੂੰ ਕਾਨੂੰਨ ਲਾਗੂ ਕਰਨ ਵਾਲੇ ਅਫਸਰਾਂ ਦੀ ਸਮਰਪਨ ਭਾਵਨਾਂ ਦੀ ਸਰਾਹਣਾ ਕਰਨ ਦਾ ਮੌਕਾ ਦਿੰਦਾ ਹੈ ਜਿਵੇ ਕਮਿਊਨਿਟੀਆਂ ਨੂੰ ਸੁਰੱਖਿਅਤ ਰੱਖਣ ਲਈ ਕੁਰਬਾਨੀਆਂ ਕਰਦੇ ਹਨ।

ਬ੍ਰਿਟਿਸ ਕੋਲੰਬੀਆ ਲਾਅ ਐਨਫੋਰਸਮੈਂਟ ਮੈਮੋਰੀਅਲ ਆਟਵਾ ਵਿਖੇ ਨੈਸ਼ਨਲ ਪੋਲੀਸ ਪੀਸ ਅਫਸਰਾਂ ਦੇ ਮੈਮੋਰੀਅਲ਼ ਸਮੇਂ ਹੀ ਹੁੰਦਾ ਹੈ ਅਤੇ ਹਰ ਸਾਲ ਬੀ.ਸੀ ਲੈਜੀਸਲੇਸ਼ਨ ਅਤੇ ਇਸ ਦੇ ਪੂਰਵਕ ਵਿਕਟੋਰੀਆ ਦੀ ਲੌਅਰ ਮੇਨਲੈਂਡ ਬੇਸ਼ਨ ਸੂਬਾ ਕਾਨੂੰਨ ਲਾਗੂ ਕਰਨ ਵਾਲੇ ਅਫਸਰਾਂ ਦੀ ਲਗਨ ਅਤੇ ਹਿੰਮਤ ਦੀ ਯਾਦ ਮਨਾਉਂਦਾ ਹੈ ਜਿੰਨ੍ਹਾ ਨੇ ਬੀ ਸੀ ਦੇ ਲੋਕਾਂ ਦੀ ਲਗ ਭਗ 880 ਕਾਨੂੰਨ ਲਾਗੂ ਕਰਨ ਵਾਲੇ ਅਫਸਰਾਂ ਨੇ ਕਨਫੈਡਰੇਸ਼ਨ ਤੋਂ ਮਗਰੋਂ ਆਪਣੀ ਡਿਊਟੀ ਨਿਭਾਉਂਦਿਆਂ ਆਪਣੀਆਂ ਜਾਨਾਂ ਦੇ ਦਿੱਤੀਆਂ। ਔਟਵਾ ਵਿਖੇ ਪਾਰਲੀਮੈਂਟ ਹਿੱਲ ‘ਤੇ ਉਨ੍ਹਾ ਦੇ ਨਾਮ ਉੱਕਰੇ ਹੋਏ ਹਨ। ਬੀ ਸੀ ਵਿਚ ਅਜਿਹੇ 123 ਅਫਸਰਾਂ ਨੇ ਕੁਰਬਾਨੀ ਕੀਤੀ ਅਤੇ ਉਨ੍ਹਾਂ ਦੇ ਨਾਮ Bastion ‘ਤੇ ਉੱਕਰੇ ਹੋਏ ਹਨ। ਇਸ ਸਾਲ ਜੌਨ ਡੇਵਿਡਸਨ ਦਾ ਨਾਮ Bastion ‘ਤੇ ਲਿਖਿਆ ਜਾਵੇਗਾ।

ਹਰ ਸਾਲ ਐਬਟਸਫੋਰਡ ਪੁਲਿਸ ਵਿਭਾਗ ਦੇ ਮਰਦਾਂ ਅਤੇ ਔਰਤਾਂ ਦੀ ਪਬਲਿਕ ਸੇਫਟੀ ਲਈ ਪਾਏ ਯੋਗਦਾਨ ਦੀ ਯਾਦ ਸੂਬੇ , ਕੌਮੀ ਅਤੇ ਅੰਤਰਰਾਸ਼ਟਰੀ ਪੱਧਰ ‘ਤੇ ਮਨਾਈ ਜਾਂਦੀ ਹੈ। ਅਵਾਰਡ ਜਿੱਤਣ ਵਾਲੇ ਅਫਸਰਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ।




ਇਸ ਸਾਲ ਦਾ ਕੌਨਸਟੇਬਲ: ਮੇਰੀ ਬ੍ਰੂਨਸਟਰਾ




ਸਿਵਲੀਅਨ ਔਫ ਦੀ ਯੀਅਰ: ਮਿਸਿਜ਼ ਮਾਰਗਰੇਟ ਹਾਰਡਰ

### Chief Constable Commendation for Valour

ਜੌਹਨ ਡੇਵਿਡਸਨ, ਡੇਵਡਸਨ ਹੋਮੀਸਾਈਡ
Cst ਸ਼ਾਨ ਏਲਟਨ, ਡੇਵਡਸਨ ਹੋਮੀਸਾਈਡ
Cst ਡਾਉਗ ਵਾਟਕਿਨਸ, ਡੇਵਡਸਨ ਹੋਮੀਸਾਈਡ
Cst ਸ਼ਾਨ ਵੀਨਸ, ਡੇਵਡਸਨ ਹੋਮੀਸਾਈਡ
Cst ਸ਼ਾਨ ਡੂਐਕ, ਡੇਵਡਸਨ ਹੋਮੀਸਾਈਡ

### ਚੀਫ ਕਨਸਟੇਬਲ ਕੌਮਿੰਡੇਸ਼ਨਸ

Cst ਕੈਵਨ ਮੂਰੇ, ਡੇਵਡਸਨ ਹੋਮੀਸਾਈਡ
ਕੋਲਿਨ ਵੀਬ, ਡੇਵਡਸਨ ਹੋਮੀਸਾਈਡ
ਲੈਨ ਪਾਰਕਸ, ਡੇਵਡਸਨ ਹੋਮੀਸਾਈਡ
Cst ਕੀਓ ਪਰਸਨਸ, ਡੇਵਡਸਨ ਹੋਮੀਸਾਈਡ
Cst ਚੁੱਕ ਮੈਕਲੈਨ, ਡੇਵਡਸਨ ਹੋਮੀਸਾਈਡ
ਡਿਟ ਅਲੈਕਸ ਵੁੱਡ, ਸੂਆਸਾਈਡਲ ਮੇਲ ਵਿਦ ਸਟੈਬ ਵੂੰਡਸ
ਮਾਰ ਜੌਰਡਨ, ਛੇ ਵਿਡਸਨ ਹੋਮੀਸਾਈਡ
ਰਿੱਕ ਸਟੀਵਾਰਟ, ਡੇਵਡਸਨ ਹੋਮੀਸਾਈਡ
ਟਾਈਲਰ ਗੁੰਪ, ਡੇਵਡਸਨ ਹੋਮੀਸਾਈਡ
ਪੌਲ ਵਾਕਰ
ਗੋਰਡ ਬੋਈਸ, ਪਰੋਜੈਕਟ
ਮੈਟ ਹੈਨਸਨ, ਕਰੀਏਸ਼ਨ ਆਫ ਚੈਟਰਬੌਕਸ ਐਪਲੀਕੇਸ਼ਨ

### ਇੰਨਸਪੈਕਟਰ ਕੋਮਿੰਡੇਸ਼ਨ

ਡਿਟ ਲਿਡੀਆ ਬਰੌਨ-ਜੌਹਨ, ਮਿਸਿੰਗ ਪੂਰਸਨ ਅਤੇ ਹੋਮੀਸਾਈਡ
ਡਿਟ ਜੈਕਲੀਨ ਮਿਸ਼ਲ ਹੋਮ ਇਨਵੇਨ ਅਤੇ ਐਕਸਟੌਰਸ਼ਨ
ਡਿਟ ਕੋਰੀ ਹੇਨਸ ਹੋਮ ਇਨਵੇਨ ਅਤੇ ਐਕਸਟੌਰਸ਼ਨ
ਡਿਟ ਟੋਨੀ ਡੀਮਰਸ, ਹੋਮ ਇਨਵੇਨ ਅਤੇ ਐਕਸਟੌਰਸ਼ਨ
ਡਿਟ ਲੀਜ਼ਾ ਫੇਰੀਆ, ਹੋਮ ਇਨਵੇਸ਼ਨ ਅਤੇ ਐਕਸਟੌਰਸ਼ਨ
ਪੌਲ ਢਿੱਲੋਂ ਸੂਆਸਾਈਡਲ ਮੇਲ ਔਨ ਬਰਿੱਜ
ਹਰਵਿੰਦਰ ਮਾਂਗਟ, ਜੁਥ ਗੈਂਗ ਇੰਟਰਵੈਨਸ਼ਨ ਪਰੋਜੈਕਟ
ਸਰਜੈਂਟ ਜੂਡੀ ਬਰਡ ਈ ਕੌਮ ਟਰਾਂਜ਼ੀਸ਼ਨ
ਨੋਲਨ ਮੂਰੇ ਸੂਆਸਾਈਡਲ
ਜੂਲੀਆ ਗਰਬਰਾਂਡਟ, ਸੂਆ ਸਾਈਡਲ ਮੇਲ ਇਨ ਵਹੀਕਲ ਹਾਈ ਸਟਰੀਟ
ਥੋਮਸ ਅਰਲੇ, ਸੂਆ ਸਾਈਡਲ ਮੇਲ ਇਨ ਵਹੀਕਲ ਹਾਈ ਸਟਰੀਟ
ਐਡਮ ਮਾਰਚਿੰਕੋ, ਸੂਆ ਸਾਈਡਲ ਮੇਲ ਇਨ ਵਹੀਕਲ ਹਾਈ ਸਟਰੀਟ
ਮੈਰੀ ਬੂਨਸਟਰਾ, ਈਵੈਂਟਸ ਮੈਰੀਮੋਨੀਅਲ ਯੂਨਿਟ
ਮੋਨੀਕਿਊ ਓਲੀਨੋਸਕੀ, ਐਕਸੀਲੈਂਸ ਇੰਨ ਵਿਕਟਮ ਸਰਵਿਸਿਜ਼
ਕਾਸਿਡੀ ਜੋਨਸ, ਐਕਸੀਲੈਂਸ ਇੰਨ ਵਿਕਟਮ ਸਰਵਿਸਿਜ਼

## ਪੁਲਿਸ ਦੀਆਂ ਚੇਤਾਵਨੀਆਂ ਤੇ ਹਸਤਾਖਰ ਕਰੋ

ਐਬਟਸਫੋਰਡ ਪੁਲਿਸ ਨਾਲ ਜੁੜੋ, ਜਾਣੂ ਹੋਵੋ ਅਤੇ ਜਰੂਰੀ ਚੇਤਾਵਨੀਆਂ ਪ੍ਰਾਪਤ ਕਰੋ। ਇਸ ਦੇ ਮੰਤਵਾਂ ਅਤੇ ਕਮਿਊਨਿਟੀ ਲਈ ਕੀਤੇ ਉਪਰਾਲਿਆਂ ਨੂੰ ਜਾਨਣ ਲਈ ਚੀਫ਼ ਨਾਲ ਈ ਮੇਲ ਤੇ ਵੀ ਜਾ ਸਕਦੇ ਹੋ

Go to **www.abbypd.ca**




## ਐਬਟਸਫੋਰਡ ਪੋਲਿਸ ਫਾਊਂਡੇਸ਼ਨ

ਐਬੇਟਸਫੋਰਡ ਪੋਲੀਸ ਫਾਊਂਡੇਸ਼ਨ (APF) ਫੰਡਸ APD ਪ੍ਰੋਗਰਾਮ ਲੋੜੀਂਦੀਆਂ ਵਸਤੂਆਂ ਦਾ ਪ੍ਰਬੰਧ ਕਰਦਾ ਹੈ ਜਿਨ੍ਹਾ ਲਈ ਪ੍ਰਾਪਤ ਬਜਟ ਵਿੱਚੋਂ ਕੋਈ ਰਾਹਤ ਨਹੀਂ ਹੁੰਦੀ। ਸਾਡਾ ਨਿਸ਼ਾਨਾ “ਰਲ਼ ਮਿਲ਼ ਕੇ ਐਬਟਸਫੋਰਡ ਸੁਰੱਖਿਅਤ” ਹੈ। ਤੁਹਾਡਾ ਸਹਿਯੋਗ ਸਾਡੇ ਨਿਸ਼ਾਨੇ ਐਬਟਸਫੋਰਡ ਬੀ ਸੀ ਦਾ ਸਭ ਤੋਂ ਵੱਧ ਸੁਰੱਖਿਅਤ” ਲਈ ਲਾਹੇਵੰਦ ਹੈ। ਤੁਹਾਡੇ ਸਾਥ ਨਾਲ ਅਸੀਂ ਸਤਿਕਾਰ ਭਰਪੂਰ ਰਿਸ਼ਤੇ, ਪੁਲਿਸ ਅਤੇ ਭਾਈਚਾਰਿਆਂ ਦੀ ਨੇੜਤਾ ਅਤੇ ਫੰਡ ਇਕੱਠੇ ਕਰਨ ਵਾਲ਼ੇ ਕਾਰਜ ਕਰਦੇ ਹਾਂ।

ਤੁਹਾਡਾ ਸਾਰਿਆਂ ਦਾ, ਵਿਉਪਾਰੀ ਭੈਣਾਂ ਭਰਾਵਾਂ ਦਾ ਤੇ ਹਮਸਫਰਾਂ ਦਾ ਧੰਨਵਾਦ ਹੈ ਜੋ ਦਾਨ ਕਰਦੇ ਹੋ। ਤੁਹਾਡਾ ਦਿੱਤਾ ਹਰ ਡਾਲਰ APD ਦੇ ਪ੍ਰੋਗਰਾਮਾਂ ਲਈ ਬਹੁਤ ਸਹਾਈ ਹੈ, ਇਕੁਇਪਮੈਂਟ ਦੇ ਨਾਲ਼ ਨਾਲ਼ APD ਸਿਟੀ ਬਾਸਕਟਬਾਲ ਟੂਰਨਾਮੈਂਟ, APD Gator and Drone ਦੀ ਖਰੀਦਦਾਰੀ। ਤੁਹਾਡੀ ਸੁਹਿਰਦ ਮੱਦਦ ਸਾਨੂੰ ਇਹ ਕੀਮਤੀ ਮੌਕੇ ਪੈਦਾ ਕਰਨ ਵਿੱਚ ਬਹੁਤ ਸਹਾਈ ਹੁੰਦੀ ਹੈ।

ਸਾਡਾ 2018 ਦਾ ਫੰਡਰੇਜ਼ਿੰਗ ਨਿਸ਼ਾਨਾ $75000 ਹੈ ਸਾਨੂੰ ਪੂਰਾ ਵਿਸ਼ਵਾਸ਼ ਹੈ ਕਿ ਤੁਸੀਂ ਸਾਰੇ ਸਾਡੇ ਚੌਥੇ ਸਾਲਾਨਾ ਸਿਗਨੇਚਰ ਫੰਡਰੇਜ਼ਿੰਗ ਈਵੈਂਟ ਤੇ ਪਹੁੰਚੋ ਗੇ।

24 ਅਕਤੂਬਰ ਨੂੰ **Crime is Toast – Breakfast with the Chief**

ਆਪਾਂ ਉਸ ਸਮੇਂ ਚੀਫ ਮਾਈਕ ਸਰ ਨੂੰ ਜੀ ਆਇਆਂ ਕਹਾਂ ਗੇ ਤੇ ਉਹ ਫੰਡਰੇਜ਼ਰ ਚੀਫ ਵੀ ਹੋਣ੍ਹ ਗੇ। ਟਿਕਟਾਂ ਲੈਣ ਲਈ, ਡੋਨੇਟ ਜਾਂ ਸਪਾਂਸਰ ਕਰਨ ਲਈ ਤੁਸੀਂ ਸਾਨੂੰ ਆਨਲਾਈਨ ਵੀ ਮਿਲ ਸਕਦੇ ਹੋ **abbypf.ca**

